# ਵਰਿਆਮ

ਮਈ 1978

1/-



## ਮੈਂ ਸ਼ਾਇਰ ਰੰਗ ਰੰਗੀਲਾ

Namdhari Elibrary NamdhariElibrary@gmail.com

ਮਾਸਕ **ਵਰਿਆਮ** ਮਈ '78

ਜਿਲਦ ਨੰ: 3 ਅੰਕ ਨੰ: 7

ਪ੍ਰਕਾਸ਼ਨ ਮਿਤੀ 6—6—1978

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ 3/1-77-ਐਡੀਟਰਜ਼, ਮਿਤੀ 2-3-77 ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਮੁੱਖ ਸੰਪਾਦਕ : ਜਗਦੀਸ਼ ਸਿੰਘ

| | | |
|---|---|---|
| ਮੁੱਲ ਪ੍ਰਤੀ ਕਾਪੀ | : | 1 ਰੁਪਿਆ |
| ਸਾਲਾਨਾ ਚੰਦਾ ਦੇਸ | : | 12 ਰੁਪਏ |
| ,, ,, ਵਿਦੇਸ਼ | : | 30 ਰੁਪਏ (ਸਮੁੰਦਰੀ ਡਾਕ ਰਾਹੀਂ) |
| ,, ,, ਵਿਦੇਸ਼ | : | 100 ਰੁਪਏ (ਹਵਾਈ ਡਾਕ ਰਾਹੀਂ) |
| ਲਾਈਫ਼ ਮੈਂਬਰਸ਼ਿਪ | : | 200 ਰੁਪਏ |

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਦਫ਼ਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ - 144001.
ਫ਼ੋਨ : 72504 ਪੀ. ਪੀ.

Office Address :
Monthly WARIAM
(Punjabi)
Ladowali Road
Jullundur-144001
Phone : 72504 P.P.



Namdhari Elibrary NamdhariElibrary@gmail.com

# ਮਿਤਰਾਂ ਦਾ ਗ਼ਮ—ਲੋਕਾਂ ਦਾ ਗ਼ਮ

ਪੰਜਾਬੀ ਦੇ ਮਹਾਨ ਕਵੀ ਪ੍ਰੋਫੈਸਰ ਮੋਹਨ ਸਿੰਘ ਜੀ 3 ਮਈ 1978 ਨੂੰ ਸਾਥੋਂ ਸਦਾ ਲਈ ਵਿੱਛੜ ਗਏ ਹਨ। ਉਹਨਾਂ ਦੇ ਇਸ ਵਿਛੋੜੇ ਦੇ ਅਵਸਰ ਤੇ ਪੰਜਾਬੀ ਪਿਆਰਿਆਂ ਅਤੇ ਲੇਖਕਾਂ ਨੇ ਜੋ ਮਹਿਸੂਸ ਕੀਤਾ ਹੈ ਕੁਝ ਯਾਦਾਂ ਅਤੇ ਕੁਝ ਸ਼ਰਧਾਂਜਲੀ ਦੇ ਸੰਖੇਪ ਰੂਪ ਵਿਚ ਵਰਿਆਮ ਦੇ ਪਾਠਕਾਂ ਨਾਲ ਸਾਂਝਿਆਂ ਕੀਤਾ ਹੈ। — ਸੰਪਾਦਕ

"ਓਵੇਂ ਝੱਟਣ ਮੂੰਹ-ਹਨੇਰੇ ਦਾ ਉਹ ਤੇਰਾ ਆਵਣਾ
ਧੁੱਪ-ਕੇਸਰ ਵਿਚ ਡੁਬੋ ਅੜੀਆ ਤੇਰਾ ਮੁੜ ਜਾਵਣਾ।

ਇਨ੍ਹਾਂ ਸਤਰਾਂ ਦਾ ਲੇਖਕ ਕਵੀ ਨਹੀਂ ਮਰ ਸਕਦਾ। ਇਹ ਕਹਿਣਾ ਭੁਲੇਖਾ ਹੈ ਕਿ ਮੋਹਣ ਸਿੰਘ ਨਹੀਂ ਰਿਹਾ ਜਦ ਤੀਕ ਪੰਜਾਬੀ ਸਾਹਿਤ ਜ਼ਿੰਦਾ ਹੈ ਮੋਹਣ ਸਿੰਘ ਨੂੰ ਕੋਈ ਨਹੀਂ ਭੁਲ ਸਕਦਾ।

ਕਰਤਾਰ ਸਿੰਘ ਦੁੱਗਲ

—0—

ਪਹਿਲੀ ਅਪਰੈਲ 1978 ਨੂੰ ਮੈਂ ਪ੍ਰੋ: ਮੋਹਨ ਸਿੰਘ ਜੀ ਨੂੰ ਬਠਿੰਡੇ ਕਵੀ ਦਰਬਾਰ ਵਿਚ ਮਿਲਿਆ। ਉਹ ਕਵੀ ਦਰਬਾਰ ਦੇ ਪ੍ਰਧਾਨ ਸਨ ਅਤੇ ਮੈਂ ਉਸ ਦਾ ਉਦਘਾਟਨ ਕਰਨਾ ਸੀ। ਉਹ ਮੈਥੋਂ ਪਹਿਲੋਂ ਹੀ ਪਹੁੰਚੇ ਹੋਏ ਸਨ। ਉਠ ਕੇ ਜੱਫੀ ਪਾ ਕੇ ਬੜੇ ਪਿਆਰ ਨਾਲ ਮਿਲੇ ਅਤੇ ਕਹਿਣ ਲੱਗੇ: ਤੁਸੀਂ ਜਦੋਂ ਵੀ ਯਾਦ ਕਰੋਗੇ, ਮੈਂ ਜ਼ਰੂਰ ਹਾਜ਼ਰ ਹੋਵਾਂਗਾ—ਯਾਦ ਕਰੋ ਸਹੀ! ਤੁਸੀਂ ਤੋਂ ਉਹਨਾਂ ਦਾ ਮਤਲਬ ਕਮਿਊਨਿਸਟ ਪਾਰਟੀ ਸੀ!

ਮੈਂ ਉਹਨਾਂ ਦੀ ਚੰਗੇ ਸ਼ਬਦਾਂ ਵਿਚ ਪਰਸੰਸਾ ਕੀਤੀ ਅਤੇ ਕੁਝ ਚਿਰ ਬੈਠ ਕੇ ਆਗਿਆ ਲੈ ਕੇ ਆ ਗਿਆ।

ਉਹਨਾਂ ਦੇ ਏਕਾਏਕੀ ਮਰ ਜਾਣ ਦੀ ਖਬਰ ਨੇ ਮੈਨੂੰ ਬੜਾ ਸਦਮਾ ਪਹੁੰਚਾਇਆ! ਉਹਦੀ ਕਵਿਤਾ ਉਸ ਨੂੰ ਅਮਰ ਕਰ ਗਈ ਹੈ! ਮੇਰੀ ਹਾਰਦਿਕ ਸ਼ਰਧਾਂਜਲੀ।

ਸੋਹਨ ਸਿੰਘ ਜੋਸ਼

— 0 —

ਪਰੋਫੈਸਰ ਮੋਹਨ ਸਿੰਘ ਇਕ ਖੁਸ਼ ਮਿਜ਼ਾਜ ਵਿਦਵਾਨ ਕਵੀ ਸੀ ਜਿਸ ਦਾ ਗਲ ਕਰਨ ਦਾ ਅੰਦਾਜ਼, ਲਹਿਜਾ, ਮਿਠਾ ਅਤੇ ਸੁਚਜਾ ਸੀ। ਉਹ ਤੁਹਾਨੂੰ ਇਜ਼ਤ ਨਾਲ ਬੁਲਾਂਦਾ ਅਤੇ ਇਜ਼ਤ ਨਾਲ ਗੱਲ ਕਰਦਾ ਸੀ। ਉਹ ਆਮ ਪੰਜਾਬੀ ਲਿਖਾਰੀਆਂ ਜਾਂ ਕਵੀਆਂ ਵਾਂਗ ਤੁਹਾਡੇ ਉਤੇ ਰੋਅਬ ਨਹੀਂ ਪਾਉਂਦਾ ਸੀ। ਉਸ ਨੂੰ ਆਪਣੀ ਯੋਗਤਾ ਅਤੇ ਅਸਾਧਾਰਨਤਾ ਦਾ ਹਉਮੈ ਨਹੀਂ ਸੀ। ਉਹ ਦੂਜਿਆ ਉਤੇ ਭਾਰੂ ਨਹੀਂ ਹੁੰਦਾ ਸੀ ਸਗੋਂ ਆਪਣੇ ਬਰਾਬਰ ਇਨਸਾਨ ਸਮਝ ਕੇ ਆਪਣਾ ਦ੍ਰਿਸ਼ਟੀਕੋਣ ਸਮਝਾ ਕੇ ਪੇਸ਼ ਕਰਦਾ ਸੀ।

ਪ੍ਰੋਫੈਸਰ ਮੋਹਨ ਸਿੰਘ ਰੋਮਾਂਟਿਕ ਕਵੀ ਹੋਣ ਤੋਂ ਛੁਟ ਆਧੁਨਿਕ ਕਵੀਆਂ ਦਾ ਆਗੂ ਸੀ। ਜਿਸ ਦੀ ਸ਼੍ਰੇਣੀ ਵਿਚ ਬਾਵਾ ਬਲਵੰਤ ਅਤੇ ਅਵਤਾਰ ਸਿੰਘ ਆਜ਼ਾਦ ਸੀ। ਉਸ ਦੀ ਆਧੁਨਿਕਤਾ ਕਿੰਤੂਕਰਨ ਵਿਚ ਸੀ ਜਿਵੇਂ ਕਿ "ਰੱਬ ਇਕ ਗੋਰਖ ਧੰਦਾ" ਵਿਚ। ਉਹਦੀ ਵੀਰ ਭਗਤੀ ਕੇਵਲ ਆਪਣੇ ਗੁਰੂ ਸਾਹਿਬਾਨ ਤਕ ਸੀਮਤ ਨਹੀਂ ਸੀ। ਉਸ ਦੀ ਪ੍ਰਸੰਸਾ ਦਾ ਪਾਤਰ ਮਹਾਤਮਾ ਬੁਧ ਅਤੇ ਲੈਨਿਨ ਵੀ ਸਨ। ਉਸ ਦੀ ਪੰਜਾਬੀਅਤ ਕੇਵਲ ਧਰਮ ਨਾਲ ਰੰਗੀ ਹੋਈ ਨਹੀਂ ਸੀ ਅਤੇ ਨਾ ਹੀ ਸੰਪ੍ਰਦਾਇਕਤਾ ਨੇ ਸੰਕੀਰਣ ਕਰ ਦਿਤੀ ਸੀ।

ਮੈਂ ਪ੍ਰੋਫੈਸਰ ਮੋਹਨ ਸਿੰਘ ਨੂੰ ਇਕ ਉਚੇਰੇ ਦਰਜੇ ਦਾ ਪਰੋਫੈਸਰ, ਉਚੇਰੇ ਦਰਜੇ ਦਾ ਕਵੀ ਅਤੇ ਉਚੇਰੇ ਦਰਜੇ ਦਾ ਭਾਰਤੀ ਮੰਨਦਾ ਹਾਂ।

ਡ: ਰੋਸ਼ਨ ਲਾਲ ਆਹੂਜਾ

— 0 —



Namdhari Elibrary NamdhariElibrary@gmail.com

1947 ਵਿਚ ਮੈਂ 'ਸਾਵੇ-ਪੱਤਰ' ਪੜ੍ਹੀ ਸੀ। ਉਦੋਂ ਮੈਂ ਅਠਵੀਂ ਜਮਾਤ ਵਿਚ ਸੀ। ਤਦ ਤੋਂ ਮੈਂ ਮੋਹਨ ਸਿੰਘ ਦਾ ਮੱਦਾਹ ਰਿਹਾ।

1952 ਤੋਂ ਮੇਰੀਆਂ ਕਵਿਤਾਵਾਂ 'ਪੰਜ-ਦਰਿਆ' ਵਿਚ ਛਪਣ ਲੱਗੀਆਂ ਤੇ ਮੋਹਨ ਸਿੰਘ ਨਾਲ ਨਿੱਜੀ ਜਾਣ ਪਛਾਣ ਹੋਈ। ਮੇਰੀ ਆਪਣੀ ਕਵਿਤਾ ਉੱਤੇ ਉਸਦਾ ਬਹੁਤ ਪ੍ਰਭਾਵ ਸੀ।

ਮੇਰੀ ਪਹਿਲੀ ਕਿਤਾਬ 'ਚੌਰਸਤਾ' ਮੋਹਨ ਸਿੰਘ ਨੇ ਛਾਪੀ ਸੀ, ਹਿੰਦ ਪਬਲਿਸ਼ਰਜ਼ ਵਲੋਂ 1957 ਵਿਚ। ਮੇਰਾ ਪੰਜਾਬੀ ਦੇ ਸੱਤ ਪ੍ਰਾਈਵੇਟ ਪਬਲਿਸ਼ਰਾਂ ਨਾਲ ਵਾਹ ਪਿਆ ਹੈ। ਇਹਨਾਂ ਵਿਚੋਂ ਸਿਰਫ ਇਕ ਨੇ ਸਾਲ ਦੇ ਸਾਲ ਬਾਕਾਇਦਾ ਹਿਸਾਬ ਦੱਸ ਕੇ ਰਾਇਲਟੀ ਦਿਤੀ ਹੈ। ਉਹ ਮੋਹਨ ਸਿੰਘ ਸੀ। ਜਦ ਕਿਤਾਬ ਛਪਦੀ ਸੀ ਤਾਂ ਮੈਂ ਉਸਦੇ ਘਰ ਰਿਹਾ ਸਾਂ ਕੁਝ ਦਿਨ। ਜਲੰਧਰ ਪੁਰਾਣੀ ਰੇਲਵੇ ਰੋਡ ਉੱਤੇ ਘਰ ਸੀ। ਪਹਿਲੇ ਐਡੀਸ਼ਨ ਦੀ ਜਿਨੀ ਰਾਇਲਟੀ ਬਣਦੀ ਸੀ ਉਸ ਤੋਂ ਵੱਧ ਖਰਚ ਓਹਨੀ ਦਿਨੀਂ ਮੋਹਨ ਸਿੰਘ ਨੇ ਮੇਰੀ ਖਾਤਰ ਦਾਰੀ ਉੱਤੇ ਕੀਤਾ ਹੋਣਾ ਹੈ। ਜਦੋਂ ਕਿ ਉਮਰ ਵਿਚ ਤਿੰਨ ਦਹਾਕਿਆਂ ਦੇ ਫਰਕ ਦੇ ਬਾਵਜੂਦ ਅਸੀਂ ਗੂੜ੍ਹੇ ਸਾਂ, ਹਮ-ਪਿਆਲਾ, ਹਮ-ਨਵਾਲਾ, ਦੁਖ ਸੁਖ ਦੇ ਭਾਈਵਾਲ। ਰੌਂ ਵਿਚ ਆ ਕੇ ਉਹ ਮੈਨੂੰ ਆਪਣਾ ਲਾਡਲਾ ਪੁੱਤਰ ਤੇ ਜਾਨਸ਼ੀਨ ਆਖਦਾ ਹੁੰਦਾ ਸੀ।

ਅਸੀਂ ਇਕਠੇ ਵਲਾਇਤ ਜਾਣ ਦੀ ਤਿਆਰੀ ਕਰ ਰਹੇ ਸੀ। ਅਜੇ ਕਾਗਜ਼ ਮੁਕੰਮਲ ਨਹੀਂ ਸਨ ਹੋਏ, ਤੇ ਉਹ ਅਚਾਨਕ ਹੋਰ ਹੀ ਪਾਸੇ ਤੁਰ ਗਿਆ ਹੈ।

ਮੇਰੇ ਲਈ ਇਹ ਨਿੱਜੀ ਵਿਛੋੜਾ ਹੈ, ਉਸਦੇ ਹੋਰ ਸੰਗਵਾਰ ਦੋਸਤਾਂ ਵਾਂਗ।

ਸ. ਸ. ਮੀਸ਼ਾ

—0—

ਮੋਹਨ ਸਿੰਘ ਦਾ ਦਿਲ ਗੁਲਾਬ ਦੇ ਸੁਰਖ਼ ਫੁੱਲ ਵਰਗਾ ਸੀ ਜਿਸਦੇ ਆਲੇ ਦੁਆਲੇ ਸਾਵੇ ਪੱਤਰ ਟਹਿਕਦੇ ਰਹੇ। ਮੋਹਨ ਸਿੰਘ ਮਰਿਆ ਨਹੀਂ, ਸਦਾ ਹੀ ਜੀਵਤ ਰਹੇਗਾ। ਮੋਹਨ ਸਿੰਘ ਦੇ ਸਾਵੇ ਪੱਤਰ ਸਦਾ ਹੀ ਸਾਵੇ ਰਹਿਣਗੇ।

ਸੰਤੋਖ ਸਿੰਘ ਧੀਰ

—0—

ਪ੍ਰੋ: ਮੋਹਨ ਸਿੰਘ ਦਾ ਅਜ਼ੀਜ਼ ਦੋਸਤ ਹੋਣ ਦਾ ਮਾਣ ਮੈਨੂੰ ਵੀ ਪ੍ਰਾਪਤ ਸੀ ਅਤੇ ਇਸ ਨੂੰ ਮੈਂ ਆਪਣੀ ਜ਼ਿੰਦਗੀ ਦੀ ਵੱਡੀ ਪ੍ਰਾਪਤੀ ਸਮਝਦਾ ਸਾਂ : ਪਹਿਲਾਂ ਮੇਰਾ ਬਜ਼ੁਰਗ ਦੋਸਤ ਬਾਵਾ ਬਲਵੰਤ ਚਲ ਵਸਿਆ ਸੀ, ਉਸ ਗਮ ਉਤੇ ਫੇਹਾ ਲਾਉਣ ਵਾਲਾ ਪੰਜਾਬੀ ਕਾਵਿ ਦਾ ਇਹ ਅਜ਼ੀਮ ਸ਼ਾਇਰ ਕਾਇਮ ਸੀ—ਮੌਤ ਉਸ ਤੋਂ ਕੋਹਾਂ ਦੂਰ ਜਾਪਦੀ ਸੀ—ਉਹ ਜਦ ਵੀ ਮਿਲਦਾ ਸੀ ਭਵਿਸ਼ ਜੀਵਨ ਦੀਆਂ ਨਵੀਆਂ ਵਿਉਂਤਾਂ ਦਸਦਾ ਸੀ। ਅਜ ਕਲ ਪੰਜਾਬੀ ਸਾਹਿਤ ਅਕਾ-ਦਮੀ ਉਸ ਦਾ ਕਰਮ ਖੇਤਰ ਸੀ, ਉਸ ਦੀ ਟੀਮ ਦਾ ਮੈਂਬਰ ਹੋਣ ਦਾ ਫਖਰ ਖੁਸ ਗਿਆ ਹੈ। 1953 ਵਿਚ ਮੇਰੇ ਇਕ ਆਲੋਚਨਾਤਮਕ ਲੇਖ ਨੂੰ ਪੜ੍ਹ ਕੇ ਆਖਿਆ ਸੀ, "ਤੂੰ ਭਵਿਖ ਦਾ ਆਲੋਚਕ ਏਂ।" ਇਸ ਨਿਕੇ ਜਿਹੇ ਵਾਕ ਨੇ ਜ਼ਿੰਦਗੀ ਨੂੰ ਕਿਨਾ ਆਸਰਾ ਦਿਤਾ, ਦਸ ਨਹੀਂ ਸਕਦਾ।

ਉਹ ਅਮਰ ਵਿਅਕਤੀ ਚਲਾ ਗਿਆ, ਯਾਦਾਂ ਛਡ ਗਿਆ ਏ, ਜਿਸ ਦੀ ਪੁਨਰ-ਚਿਤਵਨ ਸਦਾ ਆਨੰਦ ਵਿਭੋਰ ਕਰੇਗੀ ਉਹ ਪੂਣੀ ਸਾਡੇ ਹਥ ਫੜਾ ਗਿਆ ਏ, ਹੁਣ ਪੰਜਾਬੀ ਮਾਂ ਦੇ ਭੰਡਾਰੇ ਨੂੰ ਭਰਨਾ ਹੀ ਉਸ ਦੀ ਯਾਦ ਨੂੰ ਸਜੀਵ ਰਖਣਾ ਹੈ।

—ਡਾ: ਕੁਲਬੀਰ ਸਿੰਘ ਕਾਂਗ

—0—

ਮੋਹਨ ਸਿੰਘ ਦੀ ਰਚਨਾ ਵਿਚ ਵਿਸ਼ੇ ਦੀ ਵਭਿੰਨਤਾ ਅਤੇ ਅਨੇਕਤਾ ਹੈ। ਮੋਹਨ ਸਿੰਘ ਦੀ ਦ੍ਰਿਸ਼ਟੀ ਵਿਆਪਕ ਅਤੇ ਡੂੰਘੀ ਹੈ। ਇਸਦਾ ਦ੍ਰਿਸ਼ਟੀ ਕੋਨ ਕਿਸੇ ਇਕ ਰਾਜਸੀ ਸਿਧਾਂਤ ਨਾਲ ਪ੍ਰਤੀਬਧਿਤ ਨਹੀਂ ਸਗੋਂ ਉਹ ਵਿਸ਼ਾਲ, ਵਿਗਿਆਨਕ ਅਤੇ ਮਾਨਵ-ਪੱਖੀ ਹੈ। ਇਸਦੀ ਸ਼ਬਦਾਵਲੀ, ਚਿਤ੍ਰਾਵਲੀ ਅਤੇ ਚਿਨ੍ਹਾਵਲੀ ਵਿਚ ਸਹਜ ਸੁਆਦ ਲੁਪਤ ਹੈ। ਆਪਣੇ ਵਿਸ਼ੇ ਵਲ ਉਸਦੀ ਪਹੁੰਚ ਭਾਵਨਾਤਮਕ ਵੀ ਹੈ ਅਤੇ ਬੌਧਕ ਵੀ।

ਇਕ ਪਾਸੇ ਦੀ ਲੀਕ ਖਿਚਕੇ ਕਹਿਣਾ ਕਿ ਅਮਕੇ ਸਾਲ ਜਾਂ ਅਮਕੇ ਸੰਗ੍ਰਹਿ ਤਕ ਉਹ ਰੋਮਾਂਸਵਾਦੀ ਸੀ। ਆਦਰਸ਼ਵਾਦੀ ਸੀ ਜਾਂ ਪ੍ਰਗਤੀਵਾਦੀ ਕੁਝ ਅਨੁਚਿਤ ਜਹੀ ਗਲ ਹੋਵੇਗੀ। ਮੋਹਣ ਸਿੰਘ ਵਿਅਕਤੀਵਾਦੀ ਸੀ ਪ੍ਰਯੋਗਵਾਦੀ ਸੀ ਜਾਂ ਸਮਾਜਵਾਦੀ, ਇਹ ਕਹਿਣਾ ਮੋਹਣ ਸਿੰ ਦੇ ਮਾਨਵੀ ਕਿਰਦਾਰ ਨੂੰ ਸੀਮਾਵਾਂ ਜਾਂ ਵਲਗਣਾਂ ਵਿ ਵੰਡਣ ਦੇ ਬਰਾਬਰ ਹੈ।



Namdhari Elibrary NamdhariElibrary@gmail.com

ਮੋਹਨ ਸਿੰਘ ਮਨੁਖੀ ਅਨੁਭਵ, ਜਗਿਆਸਾ, ਓਜ ਲੋਦਾ ਅਤੇ ਬੁਲੰਦੀਆਂ ਤੇ ਪਸਤੀਆਂ ਦਾ ਸੁਚੇਤ, ਸੰਵੇਦਨ-ਸ਼ੀਲ ਅਤੇ ਮੌਲਕ ਚਿਤੇਰਾ ਸੀ : ਉਹ ਸਬੂਲਭਾਵੀ ਕਵੀ ਸੀ।

ਮੋਹਨ ਸਿੰਘ ਪੰਜਾਬੀ ਕਾਵਿ ਦਾ ਇਕ ਪ੍ਰਤੀਕ ਸੀ ਉਹਦੀ ਕਵਿਤਾ ਦੀ ਯਾਤਰਾ ਕਰਕੇ ਅਸੀਂ ਪੰਜਾਬੀ ਦੇ ਸਮੁਚੇ ਕਾਵਿ ਦੇ ਭਿਨ ਭਿਨ ਰੰਗਾਂ ਤੇ ਰੁਖਾਂ ਤੋਂ ਜਾਣੂ ਹੋ ਸਕਦੇ ਹਾਂ।

ਈਸ਼ਰ ਸਿੰਘ ਅਟਾਰੀ

—0—

ਪ੍ਰੋ: ਮੋਹਣ ਸਿੰਘ ਦੇ ਤੁਰ ਜਾਣ ਨਾਲ ਪੰਜਾਬੀ ਕਾਵਿ ਸਾਹਿਤ ਦਾ ਸਭ ਤੋਂ ਵਡਾ ਥੰਮ ਡਿਗ ਪਿਆ ਹੈ।

ਮੇਰੇ ਸੁਰ ਦੇ ਸਾਲ ਤੇ ਮੋਹਣ ਸਿੰਘ ਦੀ ਕਵਿਤਾ ਦੇ ਸਾਲ ਹਮ-ਕਦਮ ਸਨ। "ਲਾਈ ਲੱਗ ਮੋਮਨ ਦੇ ਨਾਲੋਂ ਖੋਜੀ ਕਾਫਰ ਚੰਗਾ" ਮੈਂ ਧਾਰਮਕ ਵਿਸ਼ਵਾਸਾਂ ਤੋਂ ਮੂੰਹ ਮੋੜਨ ਦੇ ਦੌਰ ਵਿਚ ਗੁਣ ਗੁਣਾਉਂਦਾ ਰਿਹਾ। "ਵੰਰਾਂ ਆਜ਼ਾਦੀ ਦੇ ਸੁਫਨੇ" ਜਿਹੜੇ "ਇਕ ਵਾਰ ਆਉਂਦੇ ਫੇਰ ਨਾ ਜਾਂਦੇ...ਪਹਿਲਾਂ ਤਾਂ ਆਉਂਦੇ ਹੌਲੀ ਹੌਲੀ, ਫੇਰ ਮਚਾਂਦੇ ਭੁਚਾਲ" ਮੇਰੀ ਦੇਸ਼ ਭਗਤੀ ਦੇ ਮਾਰਗ ਤੇ ਯਾਤਰਾ ਦੇ ਪਹਿਲੇ ਪੜਾਅ ਸਮੇਂ ਤੇ "ਜਿਥੇ ਜੇਲ੍ਹ ਖਾਨਿਆਂ ਕੋਦਾਂ ਮੀਲਾਂ ਤੀਕ ਵਲਗਣਾ ਵਲੀਆਂ..."ਜਿਥੇ ਵੀਰ ਵੀਰਾਂ ਨੂੰ ਖਾਂਦੇ... ਉਸ ਗਿਰਾਂ (ਸਰਮਾਏਦਾਰ ਸਮਾਜ) ਨਾਲ ਤੋੜ ਵਿਛੋੜੇ ਦੇ ਜਿਸਦੀਆਂ ਥੋਥੀਆਂ ਕੀਮਤਾਂ ਵਿਰੁਧ ਬਗ਼ਾਵਤ ਦੇ ਲੇਖੇ ਇਹ ਜਨਮ ਲਾ ਰਖਿਆ ਹੈ।

ਮੋਹਣ ਸਿੰਘ ਸਦਾ ਅਗੇ-ਵਧੂ ਲਹਿਰ ਸੰਗ ਕਦਮ ਮੇਲ ਕੇ ਤੁਰਿਆ : "ਅਸੀ ਲੋਹੇ ਦੇ ਜਾਏ"—ਰੰਜਣ ਸਿੰਘ ਦੀ ਵਾਰ" "ਰੋੜ੍ਹਾਂ ਬਰਗ ਜੋੜਾ" ਤੋਂ ਲੈ ਕੇ ਤੋੜ ਤੀਕ... ਮੋਹਣ ਸਿੰਘ ਨੇ ਆਪਣੇ ਰਾਂਗਲੇ ਦਿਲ ਦੀ ਵਾਰ ਵੀ ਗਾਈ ਤੇ ਸੰਸਾਰ ਅਮਨ ਦੇ ਸੋਹਲੇ ਵੀ। ਮਨੁੱਖ ਮੋਹਨ ਸਿੰਘ ਬੜਾ ਨਿੱਘਾ, ਸਜੀਲਾ, ਛਬੀਲਾ ਸੀ। ਉਠਦੇ ਕਵੀਆਂ ਵਲ ਉਸ ਦੀ ਪਹੁੰਚ ਉਸ ਉਸਤਾਦ ਵਾਲੀ ਸੀ ਜਿਹੜਾ ਸ਼ਗਿਰਦਾਂ ਦੀ ਤਰੱਕੀ ਉਤੇ ਮਾਣ ਕਰਦਾ ਹੈ। ਜਥੇਬੰਦ ਲੇਖਕ ਲਹਿਰ ਲਈ ਵੀ ਤੇ ਲੇਖਕਾਂ ਵਿਚ ਅਗੇ-ਵਧੂ ਲਹਿਰ ਲਈ ਵੀ ਉਹ ਗਾਲ੍ਹਾਂ ਖਾ ਕੇ, ਊਜਾਂ ਦਾ ਸ਼ਿਕਾਰ ਹੋ ਕੇ ਵੀ ਡਟਿਆ ਰਿਹਾ। ਕਮਿਊਨਿਸਟ ਪਾਰਟੀ ਨਾਤੇ ਕਮਿਊਨਿਸਟ ਲਹਿਰ ਦਾ ਉਹ ਅਡੋਲ ਤੇ ਦਰਿੜ ਸੰਗੀ ਰਿਹਾ। ਪੰਜਾਬੀ ਕਾਵਿ ਜਗਤ ਦਾ ਹੀ ਨਹੀਂ। ਮੇਰਾ ਆਪਣਾ ਅਜ ਕਿੰਨਾ ਕੁਝ ਗੁਆਚ ਗਿਆ ਹੈ।

– ਜਗਜੀਤ ਸਿੰਘ ਆਨੰਦ ਐਮ. ਪੀ.

—0—

ਪਿਛਲੇ ਕਈ ਵਰ੍ਹਿਆਂ ਤੋਂ ਇਕ ਵਿਸ਼ੇਸ਼ ਰੁਚੀ, ਇਕ ਖਾਸ ਸ਼ੁਗਲ ਸਾਡੇ ਦੋਹਾਂ ਦਾ ਸਾਂਝਾ ਸੀ। ਅਸੀਂ ਜੀਵਨ ਸਮੁੰਦਰ ਵਿਚ ਤਰਦੇ ਕਈ ਵਾਰ ਇਕ ਦੂਜੇ ਦੇ ਬੜੇ ਨੇੜੇ ਆ ਜਾਂਦੇ। ਸ਼ੁਰੂ ਕੁ ਜਿੰਨੀ ਵਿਥ ਰਖ ਕੇ ਜਦੋਂ ਅਸੀਂ ਸਮਾਨਾਂਤਰ ਦਿਸ਼ਾਵਾਂ ਵਿਚ ਨਾਲ ਨਾਲ ਤੁਰ ਰਹੇ ਹੁੰਦੇ ਤਾਂ ਕੁਝ ਚਿਰ ਪਹਿਲੋਂ ਸੋਚ ਕੇ ਸਾਗਰ ਵਿਚ ਟੁਭੀਆਂ ਮਾਰ ਮਾਰ ਕੇ ਝਿਲ-ਮਿਲ ਝਿਲ-ਮਿਲ ਕਰਦੇ ਲੱਭੇ ਮੋਤੀ ਇਕ ਦੂਏ ਨੂੰ ਵਿਖਾ ਵਿਖਾ ਬੜੇ ਖੁਸ਼ ਹੁੰਦੇ। ਕੁਝ ਦਿਨ ਪਹਿਲਾ ਮੈਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਉਸ ਦੀ ਅਗਲੀ ਡੁਬਕੀ ਮੌਤ ਦੇ ਕਾਲੇ ਟਾਪੂ ਵਲ ਉਸ ਦੀ ਅੰਤਿਮ ਯਾਤਰਾ ਹੋ ਨਿਬੜੇਗੀ। ਇਹ ਤਾਂ ਉਦੋਂ ਹੀ ਪਤਾ ਲਗੇਗਾ ਜਦੋਂ ਮੈਂ ਵੀ ਜੀਵਨ ਦੇ ਪਾਣੀਆਂ ਤੇ ਤਰਦਾ ਤਰਦਾ ਇਕ ਦਿਨ ਮੌਤ-ਟਾਪੂ ਦੇ ਕੰਢੇ ਅਪੜ ਕੇ ਆਪਣੇ ਮਿੱਤਰ ਕੋਲੋਂ ਪੁਛਾਂਗਾ : ਅੰਤਿਮ ਟੁਭੀ ਵੇਲੇ ਜਿਹੜੇ ਅਨਮੋਲ ਮੋਤੀ ਤੇਰੇ ਹੱਥ ਲੱਗੇ ਸਨ, ਮੌਤ ਦੇ ਕਾਲੇ ਟਾਪੂ ਨੇ ਉਹਨਾਂ ਦੇ ਤੇਜ ਦੀ ਝਾਲ ਕਿਵੇਂ ਝੱਲੀ ਹੋਵੇਗੀ। 1955 ਵਿਚ ਮੇਰੇ ਨਿਕੇ ਵੀਰ ਦੀ ਸ਼ਹੀਦੀ ਤੋਂ ਲੈ ਕੇ ਅਪਰੈਲ 1978 ਦੇ ਛੇਕੜਲੇ ਦਿਨਾਂ ਵਿਚ ਹੋਈ ਸਾਡੀ ਅੰਤਿਮ ਮਿਲਣੀ ਤਕ ਉਹਨਾਂ ਨਾਲ ਸਬੰਧਤ ਦਿਲਚਸਪ ਘਟਨਾਵਾਂ ਵਰਤਾਰਿਆਂ ਤੇ ਮੁਲਾਕਾਤਾਂ ਦੀ ਵਿਥਿਆ ਏਨੀ ਲੰਮੀ ਹੈ ਕਿ ਇਸ ਦੇ ਨਚੋੜ ਦੇ ਇਕ ਹਜ਼ਾਰਵੇਂ ਹਿੱਸੇ ਨੂੰ ਵੀ ਮੁੱਠੀ ਭਰ ਕਾਲੇ ਹਰਫਾਂ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ। ਜਾਪਦਾ ਹੈ ਆਪਣੇ ਮਿੱਤਰ ਦੀ ਬੇਮੌਕਾ ਮੌਤ ਕਾਰਣ ਮੈਨੂੰ ਜੋ ਮਾਨਸਿਕ ਸੱਟ ਵਜੀ ਉਸ ਨੇ ਇਕ ਅਜਿਹੇ ਅਧਰੰਗ ਦਾ ਰੂਪ ਧਾਰ ਲਿਆ ਹੈ ਜਿਸ ਦੀ ਮਾਰ ਤੋਂ ਮੇਰੇ ਅਹਿਸਾਸ ਦਾ ਕੋਈ ਪਾਸਾ ਵੀ ਨਹੀਂ ਬਚ ਸਕਿਆ।

ਪ੍ਰਿੰ: ਤਖ਼ਤ ਸਿੰਘ

—0—

ਮੋਹਨ ਸਿੰਘ ਪੰਜਾਬੀ ਕਾਵਿ-ਹਿਰਦੇ ਦੀ ਧੜਕਣ ਸੀ। ਉਹ ਪੰਜਾਬੀ ਮਨਚਲੇ ਮਨ ਦੀ ਚੁਲਬੁਲਾਹਟ ਸੀ। ਉਹ ਪੰਜਾਬੀ ਜੋਬਨ ਦੀ ਗੁਲਾਬੀ ਭਾਅ ਸੀ । ਉਹਦੇ ਬਿਨਾ ਮੈਨੂੰ ਕਾਵਿ—ਕਿਆਰੀ ਸੁੰਞੀ ਹੋਈ ਲਗਦੀ ਹੈ। ਭਾਈ ਵੀਰ ਸਿੰਘ ਤੇ ਪ੍ਰੋਫੈਸਰ ਪੂਰਣ ਸਿੰਘ ਤੋਂ ਪਿਛੋਂ, ਜੇ ਕਿਸੇ ਇਕ ਇਕਲੀ ਸ਼ਖਸ਼ੀਅਤ ਨੇ ਪੰਜਾਬੀ ਕਵਿਤਾ ਨੂੰ ਪ੍ਰੌੜ ਕੀਤਾ ਹੈ, ਤਾਂ ਉਹ ਮੋਹਨ ਸਿੰਘ ਸੀ। ਉਹਦੀ ਕਾਵਿ ਕਲਾ ਤੇ ਸਾਹਿਤਕ ਕਲਾ ਦਾ ਸਫਰ ਬੜਾ ਲੰਮਾ ਹੈ। ਕਵਿਤਾ ਇੰਜ ਉਹਦੇ ਅੰਦਰ ਸਮਾਈ ਹੋਈ ਸੀ, ਕਿ ਉਹ ਕਵਿਤਾ ਬਿਨਾ ਜੀ ਨਹੀਂ ਸੀ ਸਕਦਾ। ਮੀਂਹ ਆਏ ਹਨੇਰੀ, ਸੋਕਾ ਹੋਵੇ ਸਿਲਾਬ, ਨੌਕਰੀ ਹੋਈ ਫਕੀਰੀ, ਗੁਣਗੁਣਾਉਂਦਾ ਸੀ ਉਹ ਕਵਿਤਾ ਲਿਖਦਾ, ਉਹ ਕਵਿਤਾ ਜੀਉਂਦਾ। ਉਹਨੂੰ ਮਿਲਣਾ ਕਵਿਤਾ ਨੂੰ ਘੁੱਟ ਮਿਲਣਾ ਸੀ। ਮੇਰਾ ਇਕ ਜਾਣੀ ਮੈਥੋਂ ਵਿਛੜ ਗਿਆ ਹੈ।

ਸ: ਨਰਿੰਦਰਪਾਲ ਸਿੰਘ

—0—

ਮੈਂ 1943 ਦਾ ਪਰੋਫੈਸਰ ਮੋਹਨ ਸਿੰਘ ਦਾ ਲਿਖਿਆ ਇਕ ਕਾਰਡ ਸਾਂਭ ਕੇ ਰੱਖਿਆ ਹੋਇਆ ਹੈ। ਮੈਂ ਉਦੋਂ ਅੱਠਵੀਂ ਵਿਚ ਪੜ੍ਹਦਾ ਸਾਂ। ਮੇਰੀ ਕਵਿਤਾ ਵਾਪਸ ਕਰਦਿਆਂ ਮੋਹਨ ਸਿੰਘ ਨੇ ਲਿਖਿਆ ਸੀ ਕਿ 'ਪੰਜ ਦਰਿਆ' ਦੀਆਂ ਕਵਿਤਾਵਾਂ ਪੜ੍ਹਦੇ ਰਹੋ, ਲਿਖਦੇ ਰਹੋ, ਕਦੀ ਤੁਹਾਡੀਆਂ ਕਵਿਤਾਵਾਂ 'ਪੰਜ ਦਰਿਆ' ਜ਼ਰੂਰ ਛਾਪੇਗਾ। ਮੋਹਨ ਸਿੰਘ ਨਵੇਂ ਪੋਚ ਨੂੰ ਉਤਸਾਹ ਦੇਣ ਵਾਲਾ ਕਵੀ ਸੀ। ਮੇਰੀ ਪਹਿਲੀ ਕਵਿਤਾ ਪ੍ਰੀਤਮ ਵਿਚ 1945 ਵਿਚ ਤੇ ਪੰਜ ਦਰਿਆ ਵਿਚ 1950 ਵਿਚ ਛਪੀ।

ਮੋਹਨ ਸਿੰਘ ਮੂਡੀ ਬੰਦਾ ਸੀ। ਯੂਨੀਵਰਸਿਟੀ ਕੈਂਪਸ ਵਿਚ, ਉਰਦੂ ਸ਼ਾਇਰ ਕ੍ਰਿਸ਼ਨ ਅਦੀਬ ਨੇ ਹੱਥ ਵਧਾਇਆ ਤਾਂ ਮੋਹਨ ਸਿੰਘ ਨੇ ਕਿਹਾ "ਕੀ ਹਰ ਵਾਰ ਮਿਲਣ ਤੇ ਹੱਥ ਮਿਲਾਣਾ ਜ਼ਰੂਰੀ ਹੈ।" ਕ੍ਰਿਸ਼ਨ ਅਦੀਬ ਇਸ ਗੱਲ ਤੇ ਕਈ ਦਿਨ ਖਿੱਝਦਾ ਰਿਹਾ। ਅਜਾਇਬ ਚਿਤਰਕਾਰ ਨੇ ਮੋਹਨ ਸਿੰਘ ਦੀ ਸੁਹਿਰਦਤਾ, ਵਿਸ਼ਾਲਤਾ, ਮਹਾਨਤਾ ਕ੍ਰਿਸ਼ਨ ਨੂੰ ਜਤਾਣੀ ਚਾਹੀ ਪਰ ਨਿਸਫਲ। ਪਰ ਜਦੋਂ ਕ੍ਰਿਸ਼ਨ ਨੇ ਮੋਹਨ ਸਿੰਘ ਦੀ ਮੌਤ ਸੁਣੀ ਤਾਂ ਰੋ ਕੇ ਕਿਹਾ 'ਮੋਹਨ ਸਿੰਘਾ ਹੁਣ ਤੂੰ ਮੇਰੇ ਨਾਲ ਹੱਥ ਮਿਲਾਣ ਲਈ ਕਹੇਂਗਾ ਪਰ ਮੈਂ ਹਥ ਨਹੀਂ ਮਿਲਾਣਾ।' ਤੇ ਕ੍ਰਿਸ਼ਨ ਅਦੀਬ ਮੋਹਨ ਸਿੰਘ ਦੇ ਨਿਰਜਿੰਦ ਸਰੀਰ ਨਾਲ ਲਿਪਟ ਕੇ ਫੁੱਟ ਫੁੱਟ ਕੇ ਰੋ ਰਿਹਾ ਸੀ।

ਸੁਰਜੀਤ ਰਾਮਪੁਰੀ

—0—

## "ਵਾਰਸ ਸ਼ਾਹ-ਮਰਦ ਦਾ ਬੱਚਾ"

ਪ੍ਰੋ: ਮੋਹਣ ਸਿਘ ਜਲੰਧਰ ਰੇਡੀਓ ਸਟੇਸ਼ਨ ਦੇ ਆਂਗਨ ਵਿਚ ਘਾਹ ਤੇ ਬੈਠੇ ਕੁਝ ਲੇਖਕਾਂ ਨਾਲ ਗੱਪਾਂ ਵਿਚ ਰੁਝੇ ਹੋਏ ਸਨ। ਕਿਸੇ ਨੇ ਕਿਹਾ ਕਿ ਸੂਬਾ ਸਿੰਘ ਕਹਿੰਦਾ ਕਿ 'ਮੈਂ ਚਹੁੰ ਸਾਲਾਂ ਵਿਚ ਹੀਰ ਲਿਖ ਮਾਰੀ, ਵਾਰਸ ਸ਼ਾਹ ਸਾਰੀ ਉਮਰ ਜੁੱਤੀਆਂ ਖਾਂਦਾ ਰਿਹਾ ਤੇ ਉਸ ਨੇ ਤਦ ਜਾ ਕੇ ਹੀਰ ਲਿਖੀ। ਪ੍ਰੋ: ਮੋਹਣ ਨੇ ਬੜੇ ਠਰੰਮੇ ਨਾਲ ਉਸ ਲੇਖਕ ਨੂੰ ਕਿਹਾ "ਮੇਰੇ ਵਲੋਂ ਸੂਬਾ ਸਿੰਘ ਤਕ ਇਹ ਗੱਲ ਪੁਚਾ ਦੇਣਾ ਕਿ ਜੁੱਤੀਆਂ ਖਾਣ ਵਿਚ ਕੋਈ ਮਿਹਣਾ ਨਹੀਂ। ਵਾਰਸ ਸ਼ਾਹ ਮਰਦ ਦਾ ਬੱਚਾ ਸੀ ਉਹ ਜੁੱਤੀਆਂ ਖਾਂਦਾ ਰਿਹਾ ਪਰ ਉਸ ਨੇ ਜੁਤੀਆਂ ਚੱਟੀਆਂ ਤਾਂ ਨਹੀਂ।"

—ਪ੍ਰੀਤਮ ਸਿੰਘ
ਚੰਡੀਗੜ੍ਹ

—0—

ਮੋਹਨ ਸਿੰਘ ਦੀ ਮੌਤ ਨਾਲ ਪੰਜਾਬੀ ਕਵਿਤਾ ਦੇ ਇਕ ਸ਼ਾਨਦਾਰ ਯੁਗ ਦਾ ਅੰਤ ਹੋ ਗਿਆ ਹੈ। ਜਦ ਮੈਂ ਉਸ ਦੇ ਸਵਰਗਵਾਸ ਹੋਣ ਦੀ ਖਬਰ ਸੁਣੀ ਤਾਂ ਮੈਨੂੰ ਉਸ ਦੇ ਇਕ ਗੀਤ ਦੀਆਂ ਸਤਰਾਂ ਵਾਰ ਵਾਰ ਯਾਦ ਆਈਆਂ —ਰਬ ਤਾਰਿਆਂ ਦੇ ਰੁਕ ਚਲੇ, ਰੁਕ ਚਲੇ'। ਮੈਂ ਮਹਿਸੂਸ ਕਰਦਾ ਹਾਂ ਕਿ ਮੋਹਨ ਸਿੰਘ, ਪਿਛਲੇ ਦਿਨੀਂ ਲਿਖੀਆਂ ਕਈ ਕਵਿਤਾਵਾਂ ਦੀ ਥਾਂ ਆਖਰੀ ਵਾਰ ਇਸੇ ਤਰ੍ਹਾਂ ਦਾ ਕੇਵਲ ਇਕ ਗੀਤ ਹੀ ਹੋਰ ਲਿਖ ਜਾਂਦਾ।

ਡਾ: ਹਰਨੇਕ ਸਿੰਘ ਕੋਮਲ

—0—

ਪ੍ਰੋ: ਮੋਹਨ ਸਿੰਘ ਦੀ ਮੌਤ ਪੰਜਾਬੀ ਭਾਸ਼ਾ ਅਤੇ ਸਾਹਿਤ ਦੋਵਾਂ ਲਈ ਇੱਕ ਬਹੁਤ ਭਾਰੀ ਨੁਕਸਾਨਦੇਹ ਹਾਦਸਾ ਹੈ। ਮੋਹਨ ਸਿੰਘ ਨੇ ਆਧੁਨਿਕ ਪੰਜਾਬੀ ਕਵਿਤਾ ਦੀ ਨੋਕ ਪਲਕ ਸੁਆਰ ਕੇ, ਉਸਨੂੰ ਇੱਕ ਮਾਂ ਵਾਂਗ ਪਾਲ ਕੇ, ਜੁਆਨ ਕੀਤਾ ਸੀ। ਅੱਜ ਜਦੋਂ ਇਸ ਦੀ ਜੁਆਨੀ ਖ਼ੁਸ਼ਬੂਆਂ ਵੰਡਣ ਜੋਗੀ ਹੋਈ ਹੈ ਤਾਂ ਮੋਹਨ ਸਿੰਘ ਚੱਲ ਵਸੇ ਹਨ।—ਡਾ: ਨਰ

—0—



Namdhari Elibrary NamdhariElibrary@gmail.com

ਪਹਿਲੀ ਪਾਲ ਦੇ ਕਵੀਆਂ ਚੋਂ ਜਿਨ੍ਹਾਂ ਨਵੀਆਂ ਲੀਹਾਂ ਤੇ ਕਾਵਿਧਾਰਾ ਨੂੰ ਪਾਇਆ ਸੀ, ਇਸ ਸਜਣ ਦਾ ਤੁਰ ਜਾਣਾ ਅਭੁੱਲ ਸਦਮਾ ਹੈ। ਸਾਰੇ ਪੱਤਰ ਸਦਾ ਹੀ ਸਾਰੇ ਰਹਿਣਗੇ ਤੇ ਨਾਨਕਾਇਣ ਉਦੋਂ ਜਗਤ ਪ੍ਰਸਿਧ ਹੋਵੇਗੀ ਜਦੋਂ ਧਰਮਾਂ ਦੀ ਵਲਗਲੋਂ ਨਿਕਲ ਕੇ ਲੋਕ ਸਾਹਿਤ-ਰਸ ਨੂੰ ਮਾਨਣ ਦਾ ਜਤਨ ਕਰਨਗੇ।

ਪ੍ਰੀਤਮ ਸਿੰਘ ਕਵੀ

—0—

ਮੋਹਨ ਸਿੰਘ ਨਾਲ ਪਹਿਲੀ ਮੁਲਾਕਾਤ ਅਜੀਬ ਜਿਹੇ ਹਾਲਾਤ ਵਿਚ ਲਾਹੌਰ ਮੈਕਲੋਡ ਰੋਡ ਤੇ ਹੋਈ ਸੀ ਜਿਥੇ ਆਪਣੀ ਪਤਰਕਾ ਪੰਜ ਦਰਿਆ ਕਢਦੇ ਸਨ ਤੇ ਪ੍ਰਕਾਸ਼ਨ ਦਾ ਕੰਮ ਸੀ। ਮੈਂ ਸੰਤ ਇੰਦਰ ਸਿੰਘ ਚੱਕ੍ਰਵਰਤੀ ਨਾਲ ਗਿਆ ਸਾਂ, ਚੱਕ੍ਰਵਰਤੀ ਜੀ ਦੇ ਨਾਟਕਾਂ ਦਾ ਸੰਗ੍ਰਹਿ ਪੂਰਬ ਪੱਛਮ ਮੋਹਨ ਸਿੰਘ ਛਾਪਿਆ ਸੀ—ਰਾਇਲਟੀ ਦੀ ਮੰਗ ਤੋਂ ਚਕ੍ਰਵਰਤੀ ਜੀ ਤੇ ਮੋਹਨ ਸਿੰਘ ਤਲਖ਼ ਹੋ ਗਏ। ਮੈਨੂੰ ਬਹੁਤ ਅਜੀਬ ਲੱਗਿਆ ਪਰ ਕੁਝ ਦਿਨਾਂ ਬਾਦ ਚਕ੍ਰਵਰਤੀ ਹੋਰਾਂ ਦਸਿਆ ਕਿ ਮੋਹਨ ਸਿੰਘ ਨੇ ਉਹਨਾਂ ਦੀ ਕਿਤਾਬ ਦੀ ਪੂਰੀ ਐਡੀਸ਼ਨ ਦੀ ਰਾਇਲਟੀ ਭੇਜ ਦਿਤੀ ਹੈ ਜਦੋਂ ਕਿ ਕਿਤਾਬ ਅਜੇ ਅੱਧੀ ਵੀ ਨਹੀਂ ਸੀ ਵਿਕੀ।

ਇਕ ਵਾਰ ਜਲੰਧਰ ਮੈਂ 'ਪੰਜ ਦਰਿਆ' ਲਈ ਕਹਾਣੀ ਲੈ ਕੇ ਗਿਆ ਤੇ ਮੋਹਨ ਸਿੰਘ ਨੇ ਘਰ ਬੈਠਾ ਕੇ ਸੁਣੀ ਤੇ ਕਿਹਾ—ਕਹਾਣੀ ਦਾ ਨਾਂਅ 'ਕੁਦੇਸਣ' ਹੋਣਾ ਚਾਹੀਦਾ ਹੈ।

ਇਹੋ ਕੁਦੇਸਣ ਕਹਾਣੀ ਕਾਫ਼ੀ ਸਾਲਾਂ ਬਾਦ ਵਿਕਾਸ ਕਰਕੇ ਇਕ ਨਾਵਲਿਟ ਬਣ ਗਈ—ਇਹ ਅਸਲ ਵਿਚ ਮੋਹਨ ਸਿੰਘ ਦੀ ਪਾਰਖੂ ਨਜ਼ਰ ਦਾ ਨਤੀਜਾ ਸੀ।

ਪ੍ਰੀਤਮ ਸਿੰਘ ਪੰਛੀ

—0—

ਕਮਰੇ 'ਚ ਬੈਠਾ ਸਾਂ ਕਿ ਅਚਾਨਕ ਸੁਖਚੈਨ ਮਿਸਤਰੀ ਨੇ ਥੱਕੇ ਹਾਰੇ ਸ਼ਬਦਾਂ 'ਚ ਦੱਸਿਆ "ਪ੍ਰੋ. ਮੋਹਨ ਸਿੰਘ ਨਹੀਂ ਰਹੇ"! ਲੱਗਾ ਜਿਵੇਂ ਮੇਰਾ ਕੁਝ ਆਪਣਾ ਗੁਆਚ ਗਿਆ ਹੋਵੇ...ਜਿਵੇਂ ਪੰਜਾਬੀ ਕਲਚਰ ਦਾ ਕੁੱਝ ਗੁਆਚ ਗਿਆ ਹੋਵੇ! 'ਅੰਬੀ ਦੇ ਬੂਟੇ' ਦੇ ਬੋਲ ਸਦਾ ਲਈ ਸਾਥੋਂ ਰੁੱਸ ਤੁਰ ਗਏ ਹੋਣ...ਅਣਗਾਹੇ ਪੈਂਡਿਆਂ ਦਾ ਉਦਾਸ ਸਫ਼ਰ ਹੁਣ ਸਾਡੇ ਸਾਹਮਣੇ ਹੈ...ਕੌਣ ਉਂਗਲੀ ਫੜ ਕੇ ਸਾਹਿੱਤ ਦੇ ਮਾਰਗ ਤੇ ਤੋਰੇ ਗਾ?...ਉਦਾਸ ਪਲਾਂ ਦਾ ਮਸੀਹਾ ਕੌਣ ਬਣੇ ਗਾ......?.........?.........?

ਪ੍ਰੋ. ਸਾਹਿਬ ਦੀ ਮੌਤ ਨਾਲ ਸਾਥੋਂ ਸਾਡਾ ਪ੍ਰਮ ਪਿਆਰਾ ਤੇ ਉੱਚਾ ਲੇਖਕ ਖੁੱਸ ਗਿਆ ਹੈ:

ਸੁਝਦਾ ਹੀ ਨਹੀਂ ਕੀ ਕਰੀਏ!

ਕੇ. ਐਲ. 'ਗਰਗ'
9, ਕਿਸ਼ਨਪੁਰਾ,
ਮੋਗਾ (ਫ਼ਰੀਦਕੋਟ)

—0—

ਪ੍ਰੋ: ਮੋਹਨ ਸਿੰਘ ਦੀ ਕਵਿਤਾ ਬਾਰੇ ਤਾਂ ਬਹੁਤ ਕੁਝ ਲਿਖਿਆ ਗਿਆ ਹੈ ਅਤੇ ਲਿਖਿਆ ਜਾਂਦਾ ਰਹੇਗਾ। ਪਰ ਮੈਂ ਉਨ੍ਹਾਂ ਦਾ ਐਮ. ਏ. ਵਿਚ ਵਿਦਿਆਰਥੀ ਹੋਣ ਦੇ ਨਾਤੇ ਉਨ੍ਹਾਂ ਨੂੰ ਇਕ ਮਨੁਖ ਦੇ ਤੌਰ ਤੇ ਬਹੁਤ ਨੇੜਿਉਂ ਵੇਖਿਆ ਹੈ। ਪ੍ਰੋ: ਸਾਹਿਬ ਕਲਾ ਦਾ ਇਕ ਮੁਜਸਮਾ ਸਨ। ਉਨ੍ਹਾਂ ਦੇ ਹਰ ਕਰਮ, ਹਰ ਹਰਕਤ ਵਿਚ ਲੈਅ ਸੀ, ਕਲਾ ਸੀ। ਅੰਦਰੋਂ ਬਾਹਰੋਂ ਇੱਕੋ ਜਿਹਾ ਸੁੰਦਰ ਤੇ ਨਿਆਰਾ ਮਨੁਖ। ਉਹ ਹਰ ਛੋਟੇ ਬੜੇ ਸਾਹਿਤਕਾਰ ਦੇ ਪਿਤਾ ਸਨ। ਉਨ੍ਹਾਂ ਵਿਚ ਕੋਈ ਬੋ, ਕੋਈ ਆਕੜ ਨਹੀਂ ਸੀ। ਮਿਠੀ ਜ਼ਬਾਨ, ਮਿਠਾ ਸੁਭਾ। ਜਦੋਂ ਉਨ੍ਹਾਂ ਦੇ ਸਦਾ ਲਈ ਜੁਦਾ ਹੋਣ ਦੀ ਸੂਚਨਾ ਮਿਲੀ ਤਾਂ ਦਿਲ ਤੜਫ ਉਠਿਆ। ਕੀ ਉਸ ਸੁੰਦਰ ਤੇ ਕਲਾਕਾਰ ਮਨੁਖ ਦੇ ਫਿਰ ਕਦੀ ਦਰਸ਼ਨ ਨਹੀਂ ਹੋ ਸਕਣ ਗੇ? ਨਹਾਂ ਪਰ ਮਨ ਨੂੰ ਇਹ ਤਸਲੀ ਜ਼ਰੂਰ ਹੈ ਕਿ ਪ੍ਰੋ: ਮੋਹਨ ਸਿੰਘ ਦੀ ਕਵਿਤਾ ਅਮਰ ਹੈ ਇਸੇ ਲਈ ਉਹ ਵੀ ਅਮਰ ਹਨ।

ਅਜੀਤ ਸੈਣੀ ਜਲੰਧਰ

—0—

ਪ੍ਰੋ: ਮੋਹਨ ਸਿੰਘ ਇਕ ਅਗਾਂਹਵਧੂ ਕਵੀ ਸੀ ਕਿ ਨਹੀਂ ਉਸ ਕਿਸ ਅੰਦੋਲਨ ਜਾਂ ਵਾਦ ਨੂੰ ਕਿਵੇਂ ਕਵਿਤਾ ਰਾਹੀਂ ਪੇਸ਼ ਕੀਤਾ ਇਹਨਾਂ ਗਲਾਂ ਬਾਰੇ ਵਾਦ ਵਿਵਾਦ ਦੀ ਗੁੰਜਾਇਸ਼ ਹੈ। ਪਰ ਪ੍ਰੋ: ਮੋਹਨ ਸਿੰਘ ਦੇ ਇਕ ਵਧੀਆ ਤੇ ਮਹਾਨ ਕਵੀ ਹੋਣ ਬਾਰੇ ਕੋਈ ਵਾਦ-ਵਿਵਾਦ ਸੰਭਵ ਨਹੀਂ। ਕੋਈ ਅਨਾੜੀ ਤੇ ਅਨਜਾਣ ਹੀ ਇਨਕਾਰ ਕਰ ਸਕਦਾ ਬਈ ਮੋਹਨ ਸਿੰਘ ਨੇ ਪੰਜਾਬੀ ਕਵਿਤਾ ਨੂੰ ਚੌੜਾਈ ਗਹਿਰਾਈ ਤੇ ਉਚਾਈ ਨਹੀਂ ਬਖਸ਼ੀ।

ਪੰਜਾਬੀ ਕਵੀ ਜਗਤ ਵਿਚ ਭਾਈ ਵੀਰ ਸਿੰਘ ਦਾ ਯੁਗ ਜਿਵੇਂ ਆਪਣੀ ਨਿਵੇਕਲੀ ਥਾਂ ਰਖਦਾ ਹੈ, ਇਵੇਂ ਪ੍ਰੋ:



Namdhari Elibrary NamdhariElibrary@gmail.com

ਮੋਹਨ ਸਿੰਘ ਦੇ ਨਾਂ ਨਾਲ ਵੀ 'ਯੁਗ' ਸ਼ਬਦ ਜੋੜਿਆ ਜਾ ਸਕਦਾ ਹੈ ਤੇ ਇਸ ਦੀ ਨਿਵੇਕਲੀ ਥਾਂ ਨਿਸਚਿਤ ਕੀਤੀ ਜਾ ਸਕਦੀ ਹੈ ਇਸ "ਜਿਉਂਦੇ ਕਾਫ਼ਰ' ਦੀ ਪੰਜਾਬੀ ਕਵਿਤਾ ਨੂੰ ਦੇਣ ਅਮਰ ਤੇ ਅਮਿਟ ਹੈ. ਸਮਿਆਂ ਤੇ ਸਦੀਆ ਪਿਛੋਂ ਅਜੇਹਾ ਕਵੀ ਜਨਮ ਧਾਰਦਾ ਹੈ।

ਪ੍ਰੋ: ਮੋਹਨ ਸਿੰਘ ਕਿਉਂਕਿ ਲੋਕਾਂ ਦਾ ਕਵੀ ਸੀ, ਇਸੇ ਲਈ ਲੋਕਾਂ ਨੂੰ ਉਸ ਦੀ ਮੌਤ ਦਾ ਬੜਾ ਗਹਿਰਾ ਦੁਖ ਤੇ ਅਫਸੋਸ ਹੈ।

ਡਾ: ਅਜੀਤ ਸਿੰਘ
1285. ਤ੍ਰੀਮਾਰਪੁਰ, ਦਿਲੀ 7

—0—

ਮਹਾਂ-ਕਵੀ ਪ੍ਰੋ: ਮੋਹਨ ਸਿੰਘ ਸਾਥੋਂ ਸਦਾ ਲਈ ਵਿਛੜ ਗਏ ਹਨ, ਸਰੀਰਕ ਤੌਰ ਤੇ ਵਿਛੜ ਗਏ ਹਨ। 'ਬੀਰਾਛਾਂ' 'ਚ ਛਪੀ ਉਹਨਾਂ ਦੀ ਕਵਿਤਾ ਸ਼ਾਇਦ ਇਸ ਹਾਦਸੇ ਲਈ ਸਾਨੂੰ ਤਿਆਰ ਕਰ ਰਹੀ ਸੀ। ਮੋਹਨ ਸਿੰਘ ਅੰਮ੍ਰਿਤਾ ਪ੍ਰੀਤਮ ਇਕ ਲਹਿਰ ਬਣ ਨਿਬੜੇ ਸੀ। ਮੋਹਨ ਸਿੰਘ ਦੇ ਬੀਤ ਜਾਣ ਨਾਲ ਜਾਪਦਾ ਹੈ ਕਿ ਪੰਜਾਬੀ ਦਾ ਇਕ ਯੁਗ ਬੀਤ ਗਿਆ ਹੈ।

ਨਿੱਜੀ ਤੌਰ ਤੇ ਮੈਂ ਮੋਹਨ ਸਿੰਘ ਨੂੰ ਨਹੀਂ ਜਾਣਨ ਦੇ ਬਰਾਬਰ ਹੀ ਜਾਣਦਾ ਸਾਂ। ਸੰਪਾਦਕ ਮੋਹਨ ਸਿੰਘ ਬੇਲਿਹਾਜ਼ ਕਿਸਮ ਦਾ ਸੰਪਾਦਕ ਸੀ ਤੇ ਸਾਹਿਤਕਾਰ ਮੋਹਨ ਸਿੰਘ ਦਾ ਮੁਕਾਬਲਾ ਦੂਜਿਆਂ ਸਾਹਿਤਕਾਰਾਂ ਨਾਲ ਘਟੋ ਘਟ ਮੈਂ ਤਾਂ ਨਹੀਂ ਕਰ ਸਕਦਾ ਹਾਂ, ਇਤਨਾ ਜ਼ਰੂਰ ਜਾਪਦਾ ਹੈ ਕਿ ਉਹਦੇ ਕੋਲ ਕੁਵਤ-ਏ-ਇਰਾਦਾ ਸੀ ਜਿਹੜਾ ਘਟ ਹੀ ਲੋਕਾ ਦੇ ਹਿੱਸੇ ਆਉਂਦਾ ਹੈ। ਜ਼ਿੰਦਗੀ 'ਚ ਕਦੇ ਕੋਈ ਪਲ ਆਉਂਦੇ ਹਨ ਜਦੋਂ ਮਨੁਖ ਭੁੱਲ ਜਾਂਦਾ ਹੈ ਤੇ ਉਹ ਵੀ ਮਨੁਖ ਹੀ ਸੀ।

ਸਮੁਚੇ ਤੌਰ ਤੇ ਉਹਦੀ ਕਵਿਤਾ ਲੋਕਤਾ ਲਈ ਧੜਕਦੀ ਸੀ। ਮਹਾਂ-ਕਵੀ ਮੋਹਨ ਸਿੰਘ ਨੂੰ ਉਹਨਾਂ ਦੇ ਹੀ ਇਕ ਸ਼ਿਅਰ ਨਾਲ ਉਹਨਾਂ ਨੂੰ ਯਾਦ ਕਰਦਿਆਂ ਉਹਨਾ ਦੀ ਯਾਦ 'ਚ ਮੈਂ ਸਿਰ ਝੁਕਾਂਦਾ ਹਾਂ—

'ਉਧਰੋਂ ਆਉਂਦੀਏ ਪੁਰੇ ਦੀਏ ਵਾਏ
ਆ ਤੇਰੇ ਮੱਥੇ ਪਿਆਰ ਦਿਆਂ'

ਇਕਬਾਲ ਦੀਪ

—0—

"ਅੰਬੀ ਦਾ ਬੂਟਾ" ਸੁਕ ਗਿਆ, ਨਵੀਨ ਪੰਜਾਬੀ ਕਵਿਤਾ ਦਾ ਸੁਹਾਗ ਉਜੜ ਗਿਆ। ਰੋਮਾਂਸ ਤੋਂ ਸੰਘਰਸ਼ ਤਕ ਦੇ ਸਾਰੇ ਪੜਾਅ ਮੋਹਣ ਸਿੰਘ ਨੇ ਸਫਲਤਾ ਨਾਲ ਜੀਵੇ। ਮੋਹਣ ਸਿੰਘ ਵਰਗਾ ਨਿਪੁੰਨ ਕਵੀ ਸ਼ਾਇਦ ਹੀ ਫਿਰ ਕਦੇ ਪੰਜਾਬੀ ਨੂੰ ਜੁੜੇ. ਕਿ ਹੁਣ ਪੰਜਾਬੀ ਦੀਆਂ ਕਦਰਾਂ ਕੀਮਤਾਂ ਵਿਚ ਢੇਰ ਅੰਤਰ ਪਸਰ ਚੁਕਾ ਹੈ, ਅਜ ਜਦੋਂ ਨਵੀਨ ਪੰਜਾਬੀ ਕਵਿਤਾ ਦੀ ਪੂਰੀ ਸਦੀ, ਆਪਣੀ ਸਫ ਵਲੇਟ ਕੇ ਟੁਰ ਪਈ ਹੈ, ਮੈਨੂੰ ਜਾਪਦਾ ਹੈ, ਅਸਾਨੂੰ ਢੇਰ ਚਿਰ ਹੋਰ ਮੋਹਣ ਸਿੰਘ ਰੂਹੀ ਵਿਰਲਾਪ ਕਰਦਿਆਂ ਗੁਜ਼ਾਰਨਾ ਪਵੇਗਾ ਤੇ ਅਸੀਂ ਰੋਣਹਾਕੇ ਹੋਏ ਲੱਭਾਂਗੇ। —

"ਲਖ ਮੂੰਹ ਦਿਸਦੇ, ਇਹ ਮੂੰਹ ਨਹੀਂ ਦਿਸਦਾ,
ਲਖ ਰੌਲੇ, ਇਕ ਬੋਲ ਨਾ ਉਠਦਾ"

ਨਵੀਂ ਦਿਲੀ
ਮਨੋਹਰ ਸਿੰਘ (ਮਾਰਕੋ)

— 0 —

ਪ੍ਰੋ: ਮੋਹਨ ਸਿੰਘ ਦੀ ਪੰਜਾਬੀ ਕਵਿਤਾ ਨੂੰ ਦੇਣ ਮਹਾਨ ਹੈ। ਮੈਂ ਉਨ੍ਹਾਂ ਦੀਆਂ ਕਵਿਤਾਵਾਂ ਦੇ ਇਕ ਹਿਸੇ ਤੋਂ ਪ੍ਰਭਾਵਤ ਵੀ ਹਾਂ ਪਰ ਦੂਜੇ ਪਾਸੇ ਉਨ੍ਹਾਂ ਦੇ ਨੰਗੇਜਵਾਦ, ਅਸ਼ਲੀਲਵਾਦ ਜਾਂ ਵਾਸ਼ਨਾਵਾਦ ਦਾ ਵਿਰੋਧੀ ਵੀ ਰਿਹਾ ਹਾਂ ਕਿਉਂਕਿ ਮੈਂ ਇਸ ਨੂੰ ਪੰਜਾਬੀ ਸਦਿਆਚਾਰ ਲਈ ਮਾਰੂ ਹਥਿਆਰ ਸ. ਝਦਾ ਹਾਂ।

ਪੰਜਾਬੀ ਸਾਹਿਤ ਅਕਾਡਮੀ ਦੇ ਜਨਰਲ ਸਕਤਰ ਹੁੰਦੇ ਹੋਏ ਉਹ ਸਾਥੋਂ ਵਿਛੜੇ ਹਨ ਪੰਜਾਬੀ ਬੋਲੀ ਤੇ ਸਾਹਿਤ ਸੇਵਾ ਲਈ ਇਹ ਅਹੁਦਾ ਬੜਾ ਮਹੱਤਵ ਪੂਰਨ ਸੀ ਪਰ ਅਫਸੋਸ ਹੈ ਕਿ ਉਨ੍ਹਾਂ ਕੋਲ ਇਹ ਜ਼ਿਮੇਵਾਰੀ ਆਉਣ ਪਿਛੋਂ ਇਹ ਸੰਸਥਾ ਢਹਿੰਦੀ ਕਲਾ ਵਲ ਹੀ ਗਈ ਹੈ ਫਿਰ ਵੀ ਸਮੁਚੇ ਤੌਰ ਤੇ ਪੰਜ ਦਰਿਆ ਤੇ ਕਿਤਾਬੀ ਲਿਖਤਾਂ ਰਾਹੀਂ ਜੋ ਕੁਝ ਉਨ੍ਹਾਂ ਨੇ ਪੰ ਜਾਬੀ ਪਾਠਕਾਂ ਨੂੰ ਦਿਤਾ ਹੈ ਉਹਨੂੰ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਮੇਰਾ ਅਨੁਮਾਨ ਹੈ ਕਿ ਉਹ ਇਸੇ ਦੇਣ ਕਰਕੇ ਅਮਰ ਰਹਿਣਗੇ।

ਸਵਰਨ ਸਿੰਘ ਸਨੇਹੀ
ਐਮ. ਏ.

— 0 —



Namdhari Elibrary NamdhariElibrary@gmail.com

3 ਮਈ, 78 ਨੂੰ ਜਦੋਂ ਪ੍ਰੋ: ਮੋਹਨ ਸਿੰਘ ਦੇ ਦਿਹਾਂਤ ਦਾ ਸਮਾਚਾਰ ਮਿਲਿਆ ਤਾਂ ਮਨ ਮੰਨੇ ਨਾਂ। ਇਹ ਕਿਵੇਂ ਹੋ ਸਕਦਾ ਹੈ ? ਚਾਰ ਦਿਨ ਪਹਿਲਾਂ ਭਾਸ਼ਾ ਵਿਭਾਗ ਵਲੋਂ ਜਲੰਧਰ ਵਿਖੇ 'ਪੰਜਾਬੀ ਦਿਵਸ' ਦੇ ਸਬੰਧ ਵਿਚ ਉਹਨਾਂ ਨਾਲ ਮਿਲਣੀ ਜਿਸ ਦੇ ਚਿੱਤ ਚੇਤੇ ਇਹ ਉਹਨਾਂ ਨਾਲ ਆਖਰੀ ਮਿਲਣ ਹੈ ?

ਪ੍ਰੋ: ਮੋਹਨ ਸਿੰਘ ਬਹੁ-ਪੱਖੀ ਸ਼ਖਸ਼ੀਅਤ ਦਾ ਮਾਲਕ ਹੈ। ਉਹ ਲਗਭਗ 52 ਸਾਲ ਪੰਜਾਬੀ ਸਾਹਿਤ ਜਗਤ ਦੀ ਸੇਵਾ ਕਰਦਾ ਰਿਹਾ ਹੈ। ਕਵੀ, ਕਹਾਣੀਕਾਰ, ਅਨੁਵਾਦਕ, ਸੰਪਾਦਕ ਤੋਂ ਛੁਟ ਪਰੋਫੈਸਰ, ਪ੍ਰਕਾਸ਼ਕ ਤੇ ਸਾਹਿਤ ਸਭਾਵਾਂ ਦੇ ਪ੍ਰਬੰਧਕ ਵਜੋਂ ਉਹ ਪੰਜਾਬੀ ਨਾਲ ਅਜਿਹੀ ਡੂੰਘੀ ਤੇ ਅਮਿਟ ਸਾਂਝ ਕਾਇਮ ਕਰ ਗਿਆ ਹੈ ਕਿ ਕੋਈ ਸਾਹਿਤ ਪਰੇਮੀ ਉਸ ਦੀ ਮੌਤ ਦੀ ਖਬਰ ਸੁਣ ਕੇ ਹੌਕਾ ਭਰੇ ਬਿਨਾਂ ਨਹੀਂ ਰਹਿ ਸਕਦਾ। ਉਸ ਸਿਰਫ ਸਾਹਿਤ ਸਿਰਜਿਆ ਹੀ ਨਹੀਂ ਸਗੋਂ ਅਨੇਕਾਂ ਨੂੰ ਸਾਹਿਤ ਸਿਰਜਨ ਤੇ ਮਾਣਨ ਦੀ ਚੇਟਕ ਲਾਈ ਹੈ। ਉਸ ਸਮੇਂ ਨਾਲ ਪੈਰ ਮੇਚ ਕੇ ਰੱਖੇ ਹਨ। ਕਾਸ਼ ! ਇਹ ਕਵਿਤਾ ਦਾ ਸੋਮਾ ਅਜੇ ਮੁਕਦਾ ਨਾ।

ਮਨਮੋਹਨ ਸਿੰਘ ਬੁਧਰਾਜਾ,
ਜ਼ਿਲਾ ਭਾਸ਼ਾ ਅਫਸਰ, ਜਲੰਧਰ

—0—

ਪ੍ਰੋ: ਮੋਹਨ ਸਿੰਘ ਦੇ ਤੁਰ ਜਾਣ ਨਾਲ ਪੰਜਾਬੀ ਕਵਿਤਾ ਦਾ ਇਕ ਯੁਗ ਬੀਤ ਗਿਆ ਹੈ। ਪ੍ਰੋ: ਮੋਹਨ ਸਿੰਘ ਨੇ ਪੰਜਾਬੀ ਕਵਿਤਾ ਨੂੰ ਪਰੰਪਰਾਤਮਕਤਾ, ਅਧਿਆਤਮਕਤਾ ਅਤੇ ਧਾਰਮਕਤਾ ਵਿਚੋਂ ਬਾਹਰ ਕਢਣ ਲਈ ਇਕ ਵਡਾ ਹਿਸਾ ਪਾਇਆ। ਪ੍ਰੋ: ਮੋਹਨ ਸਿੰਘ ਨੇ ਪੰਜਾਬੀ ਕਵਿਤਾ ਨੂੰ ਨਵਾਂ ਲਿਬਾਸ, ਨਵੀਂ ਸ਼ੈਲੀ, ਨਵਾਂ ਛੰਦ, ਨਵੀਂ ਸੰਗੀਤਾਤ-ਮਕਤਾ, ਨਵੀਂ ਸੁਹਜਾਤਮਕਾ, ਯਥਾਰਥਕਤਾ, ਅਤੇ ਪ੍ਰਗਤੀ-ਸ਼ੀਲਤਾ ਬਖਸ਼ੀ। ਉਸ ਦੇ ਤੁਰ ਜਾਣ ਨਾਲ ਅਜ ਪੰਜਾਬੀ ਜਗਤ ਕਿੰਨਾ ਉਦਾਸ ਹੈ।

ਹਮਦਰਦਵੀਰ ਨੌਸ਼ਹਿਰਵੀ

—0—

ਪ੍ਰੋ: ਮੋਹਨ ਸਿੰਘ ਜੀ ਦੀ ਮ੍ਰਿਤੂ ਦੀ ਖ਼ਬਰ ਅਖਬਾਰ ਵਿਚ ਪੜ੍ਹਕੇ, ਮੇਰੇ ਮਨ ਨੂੰ ਬੜੀ ਸਖ਼ਤ ਸੱਟ ਵੱਜੀ ! ਮੈਂ ਪ੍ਰੋ: ਸਾਹਿਬ ਨੂੰ ਆਪਣੇ ਵਿਦਿਆਰਥੀ ਸਮੇਂ ਤੋਂ ਜਾਣਦਾ ਸਾਂ, ਜਦ ਮੈਂ ਆਪਣਾ ਪਹਿਲਾ ਨਾਟਕ "ਮਾਂ" ਉਹਨਾਂ ਦੇ 'ਪੰਜ ਦਰਿਆ' ਵਿਚ ਛਪਵਾਉਣ ਲਈ ਲੈ ਕੇ ਗਿਆ ਹਾਂ, ਉਹਨਾਂ 'ਮਾਂ' ਛਾਪਣ ਤੋਂ ਇਨਕਾਰ ਕਰ ਦਿਤਾ ਕਿਉਂਕਿ ਮੈਂ ਉਹਨਾਂ ਦਾ ਵਿਦਿਆਰਥੀ ਸਾਂ। ਪਰ ਜਦ ਮਾਂ 'ਪੰਜਾਬੀ ਸਾਹਿਤ' ਜੋ ਕਿ ਮੈਕਲੋਡ ਰੋਡ ਲਾਹੌਰ ਤੋਂ ਨਿਕਲਦਾ ਸੀ ਵਿਚ ਛਪਿਆ ਤਾਂ ਹੋਰਨਾਂ ਵੱਡੇ ਲੋਕਾ ਦੇ ਸੁਨੇਹੇ ਤੇ ਵਧਾਈ ਨਾਲ ਪ੍ਰੋ: ਸਾਹਿਬ ਨੇ ਵੀ ਮੈਨੂੰ ਐਫ: ਸੀ: ਕਾਲਜ ਵਿਚ ਆ ਕੇ ਵਧਾਈ ਦਿਤੀ ਤੇ ਦਸਿੱਆ ਕਿ ਉਹਨਾਂ ਨੇ 'ਮਾਂ' ਨਾ ਛਾਪ ਕੇ ਭੁਲ ਕੀਤੀ ਸੀ ! ਉਹਨਾਂ ਹਲਾਸ਼ੇਰੀ ਦਿਤੀ ਤੇ ਮੇਰੀ ਕਲਮ ਵਿਚ ਜ਼ੋਰ ਦੱਸਿਆ ਤੇ ਕਈ ਵਾਰੀ ਟੀਕਾ ਟਿਪਨੀ ਹੁੰਦੀ ਰਹਿੰਦੀ। ਪ੍ਰੋ: ਸਾਹਿਬ ਦਾ ਚਲਾਣਾ ਮੇਰੇ ਲਈ ਨਿਜੀ ਘਾਟ ਦੇ ਨਾਲ ਕੌਮੀ ਘਾਟ ਵੀ ਹੈ ਉਹ ਇਕ ਮਹਾਨ ਕਵੀ ਸਨ। ਨਾਲ ਹੀ ਉਹ ਇਕ ਚੰਗੇ ਪੁਰਸ਼, ਮਿਲਾਪੜੇ ਤੇ ਸ਼ੁਭ ਅਸੀਸਾਂ ਵਾਲੇ ਪੁਰਸ਼ ਸਨ। ਉਹਨਾਂ ਦਾ ਚਲਾਣਾ ਇਕ ਨਾਂ ਪੂਰਾ ਹੋਣ ਵਾਲਾ ਘਾਟਾ ਹੈ।

ਪ੍ਰੋ: ਬਲਬੀਰ ਸਿੰਘ ਜਲੰਧਰ

—0—

ਪ੍ਰੋ: ਸਾਹਿਬ ਦੇ ਵਿਛੋੜੇ ਦਾ ਸਦਮਾ ਡੂੰਘਾ ਹੈ। ਉਹਨਾ ਦੇ ਪਰਵਾਰ ਨਾਲ ਸਾਡੀ ਬੜੀ ਨਿਘੀ ਤੇ ਪੁਰਾਣੀ ਮਿਤਰਤਾ ਹੈ।

ਉਹਨਾ ਦੀ ਕਵਿਤਾ ਦਾ ਮੇਰੇ ਤੇ ਬੜਾ ਡੂੰਘਾ ਪ੍ਰਭਾਵ ਹੈ। ਨਾਪੇ ਤੋਲੇ ਹੋਏ ਸਰਲ ਸ਼ਬਦਾਂ ਵਿਚ, ਜਚਦੇ ਤਾਲ, ਲੈ ਵਿਚ, ਦਿਲ ਦੀਆਂ ਕੋਮਲ, ਸੂਖਮ ਭਾਵਨਾਵਾਂ ਦਾ ਪ੍ਰਗਟਾਵਾ ਕਰਨ ਵਾਲਾ ਉਹਨਾ ਤੋਂ ਬੇਹਤਰ ਹੋਰ ਕੌਣ ਹੈ ਪੰਜਾਬ ਵਿਚ ਉਹ ਸਾਡੇ ਵੇਲੇ ਦੇ ਸਮਾਜ ਦੇ ਕਵੀ ਵੀ ਹਨ ਸਮਾਜ ਨੂੰ ਨਵੇਂ ਵਿਚਾਰਾਂ ਦੀ ਦਿਸ਼ਾ ਦੇਣ ਵਾਲੇ ਵੀ ਹਨ, ਤੇ ਸਮੇਂ ਦੇ ਬੰਧਨਾ ਤੋਂ ਮੁਕਤ ਮਨੁਖ ਦੀਆਂ ਸਦੀਵੀ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਕਵੀ ਵੀ ਹਨ।

ਉਹਨਾਂ ਦੇ ਏਸ ਵਿਛੋੜੇ ਤੇ ਉਹਨਾ ਦੇ ਪਰਿਵਾਰ ਨਾਲ ਸਹਾਨਭੂਤੀ ਪ੍ਰਗਟ ਕਰਦੀ, ਉਸ ਮਿਠੀ ਤੇ ਮਹਾਨ ਸ਼ਖਸੀਅਤ ਨੂੰ ਸ਼ਰਧਾਂਜਲੀ ਪੇਸ਼ ਕਰਦੀ ਹਾਂ।

—ਸ੍ਰੀਮਤੀ ਸੰਤੋਸ਼ ਸਾਹਨੀ
ਬਬਈ

—0—



Namdhari Elibrary NamdhariElibrary@gmail.com

ਮੋਹਨ ਸਿੰਘ ਪੋਠੋਹਾਰ ਦੀ ਧਰਤੀ ਦਾ ਜੰਮ ਪਲ ਸਰਬੋਤਮ ਕਵੀ ਹੈ। ਸੰਨ 1940 ਤੋਂ 1947 ਤਕ ਲਾਹੌਰ ਵਿਖੇ ਅਸੀਂ ਇਕਠੇ ਰਹਿੰਦੇ ਰਹੇ ਉਸ ਸਮੇਂ ਮੋਹਨ ਸਿੰਘ ਦੀ ਕਵਿਤਾ ਸਿਖਰ ਤੇ ਸੀ। ਜਦ ਸਿਖ ਕਵੀ ਦਰਬਾਰਾਂ ਵਿਚ ਫੀਰੋਜ਼ ਦੀਨ ਸ਼ਰਫ ਦਾ ਤੂਤੀ ਬੋਲਦਾ ਸੀ ਤਾਂ ਪ੍ਰਸਿਧ ਸਿਖ ਲੀਡਰ ਸ: ਹਰਬੰਸ ਸਿੰਘ ਸੀਸਤਾਨੀ ਨੇ ਸਿਖ ਕਵੀਆਂ ਨੂੰ ਚੈਲੰਜ ਕੀਤਾ ਕਿ ਉਹ ਸ਼ਰਫ ਦੇ ਮੁਕਾਬਲੇ ਤੇ ਆਉਣ, ਮੋਹਣ ਸਿੰਘ ਨੇ ਇਸ ਚੈਲੰਜ ਨੂੰ ਪ੍ਰਵਾਨ ਕੀਤਾ ਤੇ ਸਿਖ ਐਜੂਕੇਸ਼ਨ ਕਾਨਫਰੰਸ ਦੇ ਕਵੀ ਦਰਬਾਰ ਵਿਚ ਪਹਿਲਾ ਇਨਾਮ ਪ੍ਰਾਪਤ ਕੀਤਾ। ਬਸ ਇਸ ਪਿਛੋਂ ਮੋਹਣ ਸਿੰਘ ਦੇ ਅੰਦਰੋਂ ਮਾਨੋਂ ਕਵਿਤਾ ਫੁਟ ਫੁਟ ਨਿਕਲਦੀ ਸੀ। ਮੋਹਣ ਸਿੰਘ ਰਚਿਤ ਕਵਿਤਾ ਦੀਆਂ ਪੁਸਤਕਾਂ ਚਾਰ ਹੰਝੂ, ਸਾਵੇ ਪੱਤਰ, ਜੰਦਰੇ, ਅਧਵਾਟੇ ਨਨਕਾਇਣ ਆਦਿ ਮੋਹਣ ਸਿੰਘ ਦੀਆਂ ਜੀਉਂਦੀਆਂ ਯਾਦਗਾਰਾਂ ਹਨ। ਮੋਹਣ ਸਿੰਘ ਦੇ ਅਕਾਲ ਚਲਾਣੇ ਨਾਲ ਪੰਜਾਬੀ ਸੰਸਾਰ ਵਿਚ ਜੋ ਘਾਟਾ ਪਿਆ ਹੈ ਉਹ ਕਦੀ ਪੂਰਾ ਨਹੀਂ ਹੋ ਸਕਦਾ। ਅਸੀਂ ਆਪਣੇ ਸਮਕਾਲੀ ਪ੍ਰੋ: ਮੋਹਣ ਸਿੰਘ ਦੇ ਵਿਛੋੜੇ ਤੇ ਉਨ੍ਹਾਂ ਦੇ ਪ੍ਰਵਾਰ ਨਾਲ ਦਿਲੀ ਹਮਦਰਦੀ ਪਰਗਟ ਕਰਦੇ ਹਾਂ।

ਪਿਆਰਾ ਸਿੰਘ ਦਾਤਾ

—0—

ਇਕ ਸਵਰ ਜੋ ਹਜੂਮ ਵਿਚ ਵੀ ਆਪਣੀ ਹੋਂਦ ਰਖ ਸਕਦਾ ਸੀ ਤੇ ਹਜੂਮ ਵਿਚ ਮਿਲ ਵੀ ਜਾਂਦਾ ਸੀ। ਸੀਮਤ ਦਾਇਰੇ, ਖਿਆਲਾਂ ਵਿਚੋਂ ਪੰਜਾਬੀ ਕਵਿਤਾ ਨੂੰ ਕਢ ਕੇ ਇਕ ਖੁਲੇ ਵਾਤਾਵਰਣ ਵਿਚ ਪ੍ਰਵੇਸ਼ ਕਰਨ ਵਾਲਿਆਂ 'ਚ ਉਹ ਇਕ ਸੀ।

ਉਸ ਦੀ ਕਵਿਤਾ ਨਾਲੋਂ ਉਸਦੀ ਸ਼ਖਸੀਅਤ ਤੋਂ ਘੱਟ ਘੱਟ ਮੈਂ ਜ਼ਿਆਦਾ ਪ੍ਰਭਾਵਿਤ ਸਾਂ। ਦੋ ਤਿੰਨ ਵਾਰ ਕਵੀ-ਦਰਬਾਰਾਂ ਤੇ ਉਹਨਾਂ ਦੇ ਰੂਬਰੂ ਹੋਇਆ। ਉਹ ਜਦ ਵੀ ਮਿਲੇ ਬੜੇ ਮੋਹ ਨਾਲ। ਨਿੱਕੀਆਂ ਗਲਾਂ ਦੀ ਬੌਛਾੜ... ਹੱਸਾ ਵੀ ਜਾਂਦੀ ਤੇ ਕਦੀ ਵਾਰ ਮਨ ਵਿਚ ਇਕ ਸਹਿਮ ਜਿਹਾ ਵੀ ਛੱਡ ਜਾਂਦੀ। ਉਹ ਮੇਰਾ ਇਕ ਵੱਡਾ ਸਾਰਾ ਮਿੱਤਰ ਸੀ।

ਮਈ 'ਨਾਗਮਣੀ' ਵਿਚ ਅੰਮ੍ਰਿਤਾ ਦੀ ਸੰਪਾਦਕੀ ਪੜ੍ਹੀ ਤਾਂ ਇਕ ਬਣਿਆ ਹੋਇਆ ਮੋਹਨ ਸਿੰਘ ਦਾ ਈਮੇਜ ਖੰਡਿਤ ਹੁੰਦਾ ਜਾਪਿਆ। ਉਸ ਨੂੰ ਕੀ ਨਾਮ ਦਿਆਂ? ਅਜੇ ਤਕ ਮੈਂ ਇਸ ਪ੍ਰਸ਼ਨ ਦਾ ਜੁਆਬ ਨਹੀਂ ਤਲਾਸ਼ ਸਕਿਆ ਸੀ ਕਿ ਉਸ ਦੇ ਵਿਛੋੜੇ ਦੀ ਖਬਰ ਧੁਰ ਤਹਿ ਤਕ ਝੰਜੋੜ ਕੇ ਰਖ ਗਈ:

ਕਿਸੇ ਵੀ ਪਹਿਚਾਣੇ ਸੁਰ ਦਾ, ਖਾਸ ਕਰ ਕੇ ਜਿਸ ਨਾਲ ਤੁਹਾਡਾ ਮੋਹ ਹੋਵੇ, ਖਾਮੋਸ਼ ਹੋ ਜਾਣਾ, ਹਯਾਤੀ ਵਿਚੋਂ ਕੁਝ ਮਨਫੀ ਹੋ ਜਾਣ ਬਰਾਬਰ ਹੁੰਦੇ। ਮੈਨੂੰ ਵੀ ਆਪਣੀ ਹਯਾਤੀ 'ਚੋਂ ਕੁਝ ਮਨਫੀ ਹੋ ਗਿਐ ਜਾਪਦੈ...

ਜਮਾ ਨਾਲ ਮਨਫੀ ਨਹੀਂ ਬਦਲਦੀ
ਪਰ ਮਨਫੀ ਨਾਲ ਜਮਾ ਬਦਲ ਗਈ

—ਅਵਤਾਰ ਜੌੜਾ

—0—

ਪ੍ਰੋ: ਮੋਹਨ ਸਿੰਘ ਜੀ ਮਿਲਦੇ ਸਨ ਤਾਂ ਉਹਨਾਂ ਨਾਲ ਗੱਲਾਂ ਕਰ ਕੇ ਬੜੀ ਤਸੱਲੀ ਮਿਲਦੀ ਸੀ, ਉਹਨਾਂ ਦੀਆਂ ਗੱਲਾਂ ਵਿਚ ਜਿਵੇਂ ਕੋਈ ਅਨੁਪਮ ਰੰਗ ਸਨ, ਵਤੀਰੇ ਵਿਚ ਅਲੋਕਾਰ ਨਿੱਘ ਸੀ ਤੇ ਉਹਨਾਂ ਦੇ ਵਿਚਾਰਾਂ ਵਿਚ ਜਿਵੇਂ ਕੋਈ ਅਨੋਖੀ ਖੁਸ਼ਬੋਅ ਹੁੰਦੀ ਸੀ।

ਅੱਜ ਉਹ ਸਾਡੇ ਨਾਲੋਂ ਹਮੇਸ਼ਾਂ ਹਮੇਸ਼ਾਂ ਲਈ ਨਿੱਖੜ ਗਏ ਹਨ ਤਾਂ ਇਂਝ ਮਹਿਸੂਸ ਹੋ ਰਿਹਾ ਹੈ ਜਿਵੇਂ ਅਲੋਕਾਰ ਨਿੱਘ ਤੇ ਅਨੋਖੀ ਖੁਸ਼ਬੋਅ ਕਿਤੇ ਗੁਆਚ ਗਈ ਹੋਵੇ, ਜਿਵੇਂ ਪੰਜਾਬੀ ਸਾਹਿਤ ਦਾ ਕੋਈ ਪਵਿੱਤਰ ਸਮਾਂ ਬੰਦ ਹੋ ਗਿਆ ਹੋਵੇ।

ਪ੍ਰੋ: ਮੋਹਨ ਸਿੰਘ ਭਾਵੇਂ ਨਹੀਂ ਰਹੇ ਪਰ ਪੰਜਾਬੀ ਸਾਹਿਤ ਦਾ ਭਵਿੱਖ ਉਨ੍ਹਾਂ ਦੀਆਂ ਕਵਿਤਾਵਾਂ ਨੂੰ ਆਪਣੇ ਸਾਥ ਵਿੱਚ ਲੈ ਤੁਰਨ ਵਾਸਤੇ ਉਡੀਕ ਕਰਦਾ ਰਹੇਗਾ, ਉਨ੍ਹਾਂ ਦੇ ਗੀਤ ਪੰਜਾਬੀ ਦੇ ਮਾਹੌਲ ਨੂੰ ਖੂਬਸੂਰਤ ਸਰੋਦ ਪ੍ਰਦਾਨ ਕਰਦੇ ਰਹਿਣਗੇ।

ਪ੍ਰੋ: ਮੋਹਨ ਸਿੰਘ ਜੀ ਨੇ ਪੰਜਾਬੀ ਸਾਹਿਤ ਵਿੱਚ ਚੱਲੀ ਹਰ ਇੱਕ ਸਾਰਥਕ ਲਹਿਰ ਨਾਲ ਕਦਮ ਮੇਲ ਕੇ ਤੁਰਨ ਦੇ ਸਫਲ ਯਤਨ ਕੀਤੇ, ਹਰ ਲਹਿਰ ਨੂੰ, ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਨਾਲ ਵਿਲਖਣ ਰੰਗ ਤੇ ਖੂਬਸੂਰਤ ਵਿਚਾਰ ਦੇ ਕੇ ਅੱਗੇ ਤੋਰਿਆ ਪਰ ਆਪਣੀ ਕਲਾ ਤੇ ਕਿਸੇ ਵੀ ਲਹਿਰ ਜਾਂ ਵਾਦ ਦਾ ਲੇਬਲ ਨਹੀਂ ਲੱਗਣ ਦਿੱਤਾ, ਸਿਵਾਏ ਅਗਰਗਾਮੀ ਪ੍ਰਗਤੀਸ਼ੀਲ ਲਹਿਰ ਦੇ, ਜਦੋਂ ਕਦੇ ਸਾਡੀਆਂ



Namdhari Elibrary NamdhariElibrary@gmail.com

ਗੀਆਂ ਗੱਲਾਂ ਛਿੜਦੀਆਂ ਸਨ, ਤਾਂ ਉਹ ਅਕਸਰ ਆਖਦੇ ਸਨ, 'ਮੇਰੀ ਸਮੁੱਚੀ ਕਲਾ ਦਾ ਰੁਝਾਨ ਅੰਤ ਤੱਕ ਗਤੀਸ਼ੀਲ ਲਹਿਰ ਦੇ ਵਿਚਾਰਾਂ ਨੂੰ ਸਮਰਪਿਤ ਰਹੇਗਾ. ਂ ਨੌਜਵਾਨ ਹੁਣ ਇਸ ਲਹਿਰ ਨੂੰ ਨਵ ਪ੍ਰਗਤੀਸ਼ੀਲ ਰ ਦੇ ਰੂਪ 'ਚ ਅੱਗੇ ਲਿਜਾਓ ।

ਮਹਿੰਦਰ ਸਿੰਘ 'ਦੋਸਾਂਝ'

0

ਪ੍ਰੋ ਮੋਹਨ ਸਿੰਘ ਪਿਛਲੇ 50 ਸਾਲ ਤੋਂ ਪੰਜਾਬੀ ਤ ਵਿਚ ਹਰਮਨ ਪਿਆਰਾ ਰਿਹਾ ਹੈ । ਆਪਣੀ ਇਸ ਤਕ ਜ਼ਿੰਦਗੀ ਨੂੰ ਉਸਨੇ ਰਜਕੇ ਮਾਣਿਆ ਹੈ ਅਤੇ ਸਾਰੇ ਕਵੀਆਂ ਨੂੰ ਆਪਣੇ ਪਾਏ ਪੂਰਨਿਆਂ ਉਤੇ ਣ ਲਈ ਪ੍ਰੇਰਨਾ ਦਿੰਦਾ ਰਿਹਾ । ਮੋਹਨ ਸਿੰਘ ਇਕ ਾ ਦਰਿਆ ਸੀ ਜਿਸਦੇ ਅਚਾਨਕ ਰੁਕ ਜਾਣ ਨਾਲ ਤ ਰਸੀਆਂ ਨੂੰ ਬੜਾ ਸਦਮਾ ਪਹੁੰਚਿਆ ਹੈ । ਪਰ ਇਸ ਕੋਈ ਸ਼ਕ ਨਹੀਂ ਕਿ ਪੂਰੇ ਜੋਸ਼ ਨਾਲ ਜੀਊਣ ਵਾਲਾ ਰੰਗ ਰੰਗੀਲਾ ਸ਼ਾਇਰ ਇਕ ਮੁਕੰਮਲ ਅਤੇ ਸਫਲ ਗਿਆ ਹੈ ਅਤੇ ਆਪਣੀ ਕੀਤੀ ਘਾਲਣਾ ਦੀ ਪਈ ਨੂੰ ਵੀ ਆਪਣੀ ਅਖੀਂ ਵੇਖ ਗਿਆ ਹੈ । ਪੰਜਾਬੀ ਤਕਾਰਾਂ ਨੂੰ ਅਜਿਹਾ ਮੌਕਾ ਬਹੁਤ ਘੱਟ ਮਿਲਦਾ ਹੈ ।

ਪ੍ਰੋ: ਹਿਰਦੇਜੀਤ ਸਿੰਘ ਭੋਗਲ
ਜਲੰਧਰ

—0—

ਆਸ਼ਾ ਤੇ ਨਿਰਾਸ਼ਾ ਭਰੀ ਜ਼ਿੰਦਗੀ ਚੋਂ ਖੁਸ਼ੀਆਂ ਇਕ ਕਵੀ ਦੀ ਰੂਹ 3 ਮਈ ਨੂੰ ਸਵੇਰੇ ਵੇਲੇ ਸਰੀਰ ਜਾਬੀ ਪਿਆਰਿਆਂ ਨੂੰ ਅਲਵਿੰਦਾ ਕਹਿ ਗਈ । ਅਣ- "ਚਾਰ ਹੰਝੂ" ਕੇਰਨ ਲਈ ਸਾਰੇ ਪੱਤਰ ਲੁਧਿਆਣੇ ਤ ਹੋਣ ਲਗੇ । ਰਸਾਂ ਕਸਾਂ ਨੂੰ ਮਾਨਣ ਵਾਲਾ ਕਵੀ ਸੁਰਜੀਤ ਨਾਲ ਕੀਤੇ ਇਕਰਾਰ ਨੂੰ "ਅਧਵਾਟੇ" ਛੱਡ "ਕਚ ਸਚ" ਦੀ ਦੁਨੀਆਂ ਵਿਚ "ਆਵਾਜ਼ਾਂ" ਦੇ ਕਰਕੇ "ਵੱਡਾ ਵੇਲਾ" ਹੋਣ ਤਕ ਬਸੰਤ ਦੇ ਦਰ ਤੇ ਗੁਆ ਹੋਣਾ ਹੈ, ਉਸ ਦਰ ਤੇ ਜਿਥੇ ਕਿ ਦਾਖਲ ਹੋਣ ਮਰਿਆਂ ਨੂੰ "ਜੰਦਰੇ" ਨਹੀਂ ਲਗੇ ਹੋਏ । ਅੰਗੀ ਦੇ ੀ. ਬੈਠੇ ਸਿਪਾਹੀ ਦੇ ਦਿਲ ਨੂੰ "ਜ਼ਮੀਰ" ਤਕ ਆਂ ਜ਼ਰੂਰ "ਏਸ਼ੀਆ ਦਾ ਚਾਨਣ" ਹੋ ਚੁਕਾ ਹੋਣਾ "ਨਾਨਕਾਇਣ" ਦੀ ਸੰਤਿਆਰ ਵਾਲੀ ਧੁਨੀ ਗਾਉਣ ਵਾਲਾ ਪ੍ਰੋ; ਮੋਹਨ ਸਿੰਘ ਵਾਲਹੁ ਨਿਕੇ ਸਾਰੇ "ਬੂਹੇ ਪਾਰ ਕਰ ਕੇ ਵੀ ਬਸੰਤ ਕੋਲ ਅਪੜ ਗਿਆ ਹੋਣਾ ਹੈ ।

ਜੰਗ ਬਹਾਦਰ ਘਈ
ਸੰਪਾਦਕ 'ਨਤੀਜਾ'

—0—

ਜਿੰਨਾਂ ਮੋਹਨ ਸਿੰਘ ਦੀ ਰੋਮਾਂਟਿਕ ਕਵਿਤਾ ਨੇ ਲੋਕਾਂ ਨੂੰ ਹਲੂਣਿਆਂ ਓਨਾ ਉਸ ਦੀ ਬਾਕੀ ਕਵਿਤਾ ਨੇ ਪਰਭਾਵ ਨਹੀਂ ਦਿੱਤਾ । ਰੋਮਾਂਸ ਦੇ ਗਲ ਗਲ ਪਾਣੀਆਂ ਵਿਚ ਉਹ ਆਪੂੰ ਭਿੱਜਿਆ-ਡੁੱਬਿਆ ਸੀ । ਇਨਕਲਾਬੀ ਉਹ ਹੈ ਨਹੀਂ ਸੀ । ਇਸ ਲਈ ਮਲੋਮੱਲੀ ਦੀ ਬਣਾਈ ਇਨਕਲਾਬੀ ਕਵਿਤਾ ਲੋਕਾਂ ਦੇ ਦਿਲਾਂ ਨੂੰ ਕਿਵੇਂ ਹਲੂਣਦੀ ।

ਅਨੁਭਵ ਨਾਲ ਜੇ ਉਸ ਵਿਚ ਸੱਚ ਆਖਣ ਦਾ ਜੇਰਾ ਹੁੰਦਾ, ਉਹ ਯਕੀਨਨ ਮਹਾਨ ਸ਼ਾਇਰ ਹੁੰਦਾ ।

ਜਸਵੰਤ ਸਿੰਘ ਕੰਵਲ

—0—

ਤੁਸੀਂ ਗਲਤ ਪੁਛਿਆ ਪ੍ਰੋ: ਮੋਹਣ ਸਿੰਘ ਬਾਰੇ, ਪ੍ਰੋ: ਮੋਹਨ ਸਿੰਘ ਯਾਰਾਂ ਦਾ ਯਾਰ ਸੀ ਤੇ ਉਸ ਨੇ ਜ਼ਿੰਦਗੀ ਵਿਚ ਰਜ ਕੇ ਇਸ਼ਕ ਕੀਤਾ ਸੀ ਤੇ ਵਡਾ ਆਸ਼ਕ ਸੀ । ਉਸ ਨੇ ਹਰ ਦੋਸਤ ਨੂੰ ਪਿਆਰ ਦਿਤਾ ਸੀ । ਪਰ ਉਸ ਦੇ ਮਿਤਰ ਬਹੁਤ ਘਟ ਸਨ । ਉਸ ਨੇ ਜਵਾਨੀ ਵੇਲੇ ਵੀ ਪਿਆਰ ਕੀਤਾ ਸੀ ਤੇ ਬੁਢਾਪੇ ਵੇਲੇ ਵੀ ਪਿਆਰ ਕੀਤਾ ਸੀ ।

ਪ੍ਰੋ: ਮੋਹਨ ਸਿੰਘ ਇਕ ਮਹਾਨ ਮਨੁਖ ਸੀ । ਜਿਸ ਦੀ ਕੋਈ ਰੀਸ ਨਹੀਂ ਕਰ ਸਕਦਾ ।

ਹਰਭਜਨ ਬਾਜਵਾ

— 0 —

ਪ੍ਰੋ: ਮੋਹਨ ਸਿੰਘ ਲੁਧਿਆਣੇ ਦੀਆਂ ਸਾਹਿਤਕ ਮਹਿਫਲਾਂ ਸੁੰਞੀਆਂ ਕਰ ਗਏ ਨੇ । ਮੈਂ ਉਹਨਾਂ ਵਲੋਂ ਐਮਰਜੰਸੀ ਦੇ ਹੱਕ 'ਚ ਲਿਖੀ ਨਜ਼ਮ ਦਾ ਕਟੜ ਵਿਰੋਧੀ ਸਾਂ ਨੰਗੇ ਧੜ । ਪਰ ਉਹ ਜਦ ਵੀ ਮਿਲੇ ਖਿੜੇ ਮਥੇ ਖੇਤੀ ਯੂਨੀਵਰਸਟੀ ਦੇ ਨਾਲ ਲਗਵੇਂ ਪ੍ਰੋ: ਮੋਹਨ ਸਿੰਘ ਦੇ ਘਰ 'ਚ ਲੱਗੀ (ਬਕੌਲ ਮੋਹਨ ਸਿੰਘ ਝੁਮਕਾ ਵੇਲ ਵੀ ਸੁੱਕ ਗਈ ਹੈ । ਏਸ ਮੌਤ ਨੇ ਸਾਡਾ ਸਾਰਿਆਂ ਦਾ ਕੁਝ ਕੁਝ ਗਵਾਇਆ ਹੈ । ਬੂਹੇ ਬੰਦ ਹੋ ਗਏ ਨੇ —ਪੱਕੇ ਜੰਦਰਿਆਂ ਵਾਲੇ ਜੋ ਖੁਲਣੇ ਨਹੀਂ, ਕਦੇ ਵੀ ।

ਗੁਰਭਜਨ ਸਿੰਘ ਗਿੱਲ

—0—



Namdhari Elibrary NamdhariElibrary@gmail.com

ਤਿੰਨ ਮਈ ਸ਼ਾਮ ਨੂੰ ਮੈਂ ਖਬਰਾਂ ਸੁਣਨ ਲਈ ਰੇਡੀਓ ਲਗਾਇਆ । ਮੇਰੀ ਪਤਨੀ ਤੇ ਛੋਟਾ ਲੜਕਾ, ਅਮਨ ਪ੍ਰੀਤ ਸਿੰਘ ਵੀ ਲਾਗੇ ਬੈਠੇ ਸਨ। ਅਚਾਨਕ ਪ੍ਰੋ: ਮੋਹਨ ਸਿੰਘ ਦੇ ਚਲਾਣੇ ਦੀ ਖਬਰ ਨਸ਼ਰ ਕੀਤੀ ਗਈ। ਮੈਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਰੇਡੀਓ ਨੇ ਖਬਰ ਦੀ ਥਾਂ ਮੇਰੇ ਤੇ ਗੋਲਾ ਦਾਗ ਦਿੱਤਾ ਹੋਵੇ। ਮੈਂ ਉਥੇ ਬੈਠਾ ਨਾ ਰਹਿ ਸਕਿਆ ਅਤੇ ਆਪਣੇ ਅਥਰੂ ਲੁਕਾਉਣ ਲਈ ਕਮਰੇ ਤੋਂ ਬਾਹਰ ਆ ਗਿਆ। ਮੇਰੀ ਪਤਨੀ ਤੇ ਲੜਕੇ ਨੇ ਮੇਰੀ ਕਮਜ਼ੋਰੀ ਨੂੰ ਭਾਂਪ ਲਿਆ। ਹਾਲੀ ਤਿੰਨ ਦਿਨ ਹੋਏ ਅਸੀਂ ਪੰਜਾਬੀ ਦਿਵਸ ਦੇ ਮੌਕੇ ਤੇ ਜਲੰਧਰ ਵਾਲੇ ਕੇਂਦਰੀ ਸਮਾਗਮ ਤੇ ਮਿਲੇ ਸਾਂ ਤੇ ਜੱਫੀਆਂ ਪਾ ਕੇ ਮਿਲੇ ਸਾਂ। ਮੋਹਨ ਸਿੰਘ ਨੌ ਬਰ ਨੌ ਸੀ। ਉਹੋ ਸਦਾ ਵਾਲੀ ਲਿੰਮ੍ਹੀਂ ਜਹੀ ਮੁਸਕਰਾਹਟ ਉਸ ਦੇ ਬੁਲ੍ਹਾਂ ਤੇ ਖੇਲਦੀ ਸੀ। ਮੈਨੂੰ ਉਹ ਨੇਕ ਸਲਾਹ ਜੋ ਉਸ ਨੇ ਪੰਜਾਬੀ ਲੇਖਕਾਂ ਨੂੰ ਦਿਤੀ ਸੀ ਯਾਦ ਆਈ। ਕਿੰਨੀ ਤੁਲਵੀਂ ਗੱਲ ਸੀ!

ਇਸ ਮੌਤ ਨੇ ਮੈਨੂੰ ਈਸ਼ਵਰ, ਬਾਵਾ ਬਲਵੰਤ ਤੇ ਨਾਨਕ ਸਿੰਘ ਯਾਦ ਕਰਾ ਦਿੱਤੇ। ਸਭ ਤੋਂ ਜ਼ਿਆਦਾ ਮੈਨੂੰ ਉਸਤਾਦ ਪਾਲ ਸਿੰਘ ਹੋਰੀ ਯਾਦ ਆਏ ਜੋ ਪ੍ਰੋ. ਮੋਹਨ ਸਿੰਘ ਦੇ ਪਰਮ ਮਿਤਰ ਸਨ ਤੇ ਜਿਨ੍ਹਾਂ ਨੇ ਮੇਰੀ ਪ੍ਰੋ: ਮੋਹਨ ਸਿੰਘ ਨਾਲ ਜਾਣ-ਪਛਾਣ ਕਰਾਈ ਸੀ। ਜੇ ਉਹ ਜੀਉਂਦੇ ਹੁੰਦੇ ਤਾਂ ਪ੍ਰੋ: ਮੋਹਨ ਸਿੰਘ ਦੀ ਮੌਤ ਨੂੰ ਕਿਵੇਂ ਮਹਿਸੂਸਦੇ! ਕਿੰਨਾਂ ਚਿਰ ਮੈਂ ਇਹ ਸੋਚਦਾ ਰਿਹਾ।

ਪ੍ਰੋ: ਮੋਹਨ ਸਿੰਘ ਜਿਸ ਚੋਟੀ ਤੱਕ ਅਪੜਿਆ ਹੈ ਨਵੇਂ ਪੋਚ ਵਿਚੋਂ ਕੋਈ ਉਸ ਦੇ ਅੱਜ ਤਕ ਨਹੀਂ ਪਹੁੰਚਿਆ।

"ਕਿਰਨਮ ਕਿਰਨੀ ਕਿਰ ਗਏ ਸਭ ਰੁੱਤੀ ਦੇ ਯਾਰ"

ਸੁਜਾਨ ਸਿੰਘ

—0—

## ਮੋਹਨ ਸਿੰਘ—ਠੰਡੀ ਛਾਂ ਵਾਲਾ ਚਿਨਾਰ
### ਡਾਇਰੀ ਦਾ ਇਕ ਸਫਾ

3 ਮਈ—ਕਵਿਤਾ ਦਾ ਇਕ ਯੁਗ ਤੁਰ ਗਿਆ—ਪਰ ਮੋਹਨ ਸਿੰਘ ਸਾਰੇ ਦਾ ਸਾਰਾ ਮੇਰੇ ਅਗੇ ਹੈ—ਸਾਡੇ ਸਨ ਮੁਖ ਹੈ। ਸੁਰਜੀਤ ਪਾਤਰ ਦੇ ਕਮਰੇ ਵਿਚੋਂ ਮੈਂ ਅਕਸਰ ਉਹਨਾਂ ਨੂੰ ਗਾਊਨ ਪਾਈ ਸੈਰ ਕਰਦਿਆਂ ਸਵੇਰੇ ਵੇਖਦਾ. ਦੁਪਹਿਰ ਸ਼ਤਰੰਜ ਦੀ ਬਾਜ਼ੀ ਲਾਉਂਦਿਆਂ ਤੇ ਕਿਸੇ ਘੁਗੀ ਰੰਗੀ ਸ਼ਾਮ ਮਹਿਫ਼ਲ ਦੀ ਉਤੇਂਕ ਕਰਦਿਆਂ।...ਪੋਠੋਹਰੀ ਕਹਿ ਕਹੇ ਅਤੇ ਲਤੀਫ਼ੇ ਅਜੇ ਵੀ ਫਿਜ਼ਾਂ ਵਿਚ ਉਡਾਰੀਆਂ ਮਾਰ ਰਹੇ ਹਨ।

3 ਮਈ ਤਿਖੜ ਦੁਪਹਿਰੇ ਰਵੀ ਸਾਹਿਤ ਪ੍ਰਕਾਸ਼ਨ ਪੁੱਜੇ। ਕੇਂਦਰੀ ਲੇਖਕ ਸਭਾ ਦਾ ਸਕੱਤਰ ਜਗੀਰ ਸਿੰਘ ਜਗਤਾਰ—ਅਗਲੇ ਦਿਨ ਅਖਬਾਰਾਂ ਲਈ "ਸ਼ਰਧਾਂਜਲੀ" ਦੀਆਂ ਕਾਰਬਨ ਕਾਪੀਆਂ ਕਰ ਰਿਹਾ ਸੀ ਤੇ ਫਿਰ ਵੰਡਣ ਤੁਰ ਗਿਆ। ਮੈਂ ਚੁਪ ਵੇਖਦਾ ਰਿਹਾ। "ਦੇਸ਼ ਪੰਜਾਬ" 'ਚ ਸਤ ਵਜੇ ਸ਼ਾਇਰ ਮੋਹਨ ਸਿੰਘ ਦੇ ਤੁਰ ਜਾਣ ਦੀ ਖ਼ਬਰ ਨਹੀਂ ਸੀ।

ਉਸੇ ਮਨਹੂਸ ਸ਼ਾਮ ਮੇਰੇ ਸਾਹਮਣੇ ਪਿਆ ਸੀ ... ਸ਼ਬਦ ਉਹਦੇ ਹਾਣ ਦੇ ਨਹੀਂ ਸਨ ਰਹੇ ਤਾਂ ਕੇ ... ਆਪਣੇ ਭਰੇ ਮਨ ਨੂੰ ਉਤਾਰ ਸਕਾਂ ਨਿਕੇ ਹੁੰਦਿਆਂ ਜਮਾ... ਵਿਚ ਯਾਦ ਕੀਤੇ "ਅੰਬੀ ਦਾ ਬੂਟਾ", "ਸਿਪਾਹੀ ਦਾ ਦਿਲ ਇਕ ਬੇਟੀ", "ਛੱਤੋ ਦੀ ਬੇਰੀ" "ਖੂਹ ਦੀ ਗਾਧੀ" ਸਬਕ (ਕਵਿਤਾਵਾਂ) ਯਾਦ ਆਉਣ ਲਗੇ।

"ਕੀ ਇਹ ਹੁਸਨ ਹੁਸਨ ਹੈ ਸਚ ਮੁਚ
ਜਾਂ ਉਂਜ ਹੀ ਛਲਦਾ
ਲੱਖ ਗਰੀਬਾਂ ਮਜ਼ਦੂਰਾਂ ਦੇ
ਹੰਝੂਆਂ ਤੇ ਜੋ ਪਲਦਾ"

ਮੈਂ ਇਹਨਾਂ ਕਾਵਿ ਪੰਗਤੀਆਂ ਦੇ ਆਪਣੇ ਮਾਨ ਯੋ... ਅਧਿਆਪਕ ਗਿਆਨੀ ਮੱਖਣ ਸਿੰਘ ਫ਼ੀਨਾਂ ਦੇ ਕਰ... ਅਰਥਾਂ ਦੀ ਬਾਂਹ ਫੜ੍ਹਕੇ ਮੋਹਨ ਸਿੰਘ ਤਕ ਪਹੁੰਚ ਗਿਆ 'ਸਾਵੇ ਪੱਤਰ' ਇਕੋ ਵਾਰ ਪੜ੍ਹ ਲਈ। ਅੱਜ ਯਾਦ ਆ ਰਿ...

"ਮੇਰੇ ਫੁਲ ਝਨਾ ਵਿਚ ਪਾਓਣੇ
ਮੈਂ ਸ਼ਾਇਰ ਮੇਰੇ ਫੁਲ ਸੁਹਾਣੇ
ਕਦਰ ਇਹਨਾਂ ਦੀ ਕੋਈ ਅ...ਕ ਪਾਵੇ
ਗੰਗਾ ਬਾਹਮਣੀ ਕੀ ਜਾਣੇ
ਮੇਰੇ ਫੁਲ.......।"

ਉਹਨਾਂ ਦੇ ਫੁੱਲ ਝਨਾਂ ਦੇ ਗਲੇ ਲਗ ਜਾਣਗੇ। ਸ਼ਰਧਾਂਜਲੀਆ... ਪੇਸ਼ ਹੋ ਜਾਣਗੀਆਂ। ਅੰਗਰੇਜ਼ੀ ਵਿਚ ਲੇਖ ਲਿਖ ਤੁਰ ਜਾ... ਵਾਲੇ ਸ਼ਾਇਰ ਦੇ ਪੈਸੇ ਬਟੋਰੇ ਜਾਣਗੇ। ਤੇ ਬਚੇਗਾ ਕੀ ... ਸਾਡੇ ਕੋਲ ਸਿਰਫ ਸਾਡੇ ਕੋਲ, ਸ਼ਾਇਰ ਮੋਹਨ ਸਿੰਘ ... ਰਚਨਾ! ਅਫਸੋਸ ਪ੍ਰਕਾਸ਼ਕ ਡੀਲਕਸ ਐਡੀਸ਼ਨਾਂ ਛਾਪਣ... ਮਹਿੰਗੇ ਮੁਲੀਂ ਲਾਇਬਰੇਰੀਆਂ ਦਾ ਸ਼ਿੰਗਾਰ ਬਣਾ ਦੇਣਗੇ...

ਕਿਸੇ ਸਮਾਗਮ ਦਾ ਅਡੰਬਰ ਰਚ—ਭਾਸ਼ਾ ਵਿਭਾ... ਸ਼ਾਇਰ ਮੋਹਣ ਸਿੰਘ ਬਾਰੇ ਕੁਝ "ਐਲਾਨ" ਕਰ—ਤੁ... ਜਾਣ ਵਾਲੇ ਤੇ 'ਅਹਿਸਾਨ' ਚਾੜ੍ਹੇਗਾ . ਸ਼ਾਇਰ ਮੋਹਨ ਸਿੰ... ਤੂੰ ਜ਼ਰੂਰ ਇਹਨਾਂ ਪੰਜਾਹ ਪੰਜਾਹ ਰੁਪਏ ਲੈ ਕੇ ਆ... ਆਪਣੇ ਦੋਸਤ ਲੇਖਕਾਂ ਦੀ "ਸ਼ਰਧਾਂਜਲੀ" ਤੋਂ ਦੂਰ ਰਹੇਂ ਜਿਵੇਂ ਨਾਨਕ ਸਿੰਘ, ਬਾਵਾ ਬਲਵੰਤ, ਸ਼ਿਵ, ਗੁਰਬਖਸ਼ ਸਿੰ... ਦੂਰ ਹੋ ਗਏ ਹਨ।

ਤੇ ਰਹੀ ਕਵਿਤਾ—ਮੀਸ਼ਾ ਤੇਰੇ ਕਹੇ ਬੋਲ ਪੁਗਾਏਗਾ ਪਾਤਰ, ਮੋਹਨਜੀਤ ਡਾਲੀਆਂ ਚੋਂ ਹਵਾ ਬਣ—ਦੀਵੇ ਤੇਰੇ ਰਹੇ ਬਚਾ ਲੈਣਗੇ।

ਤੇਰੇ ਸੰਗ ਆਖਰੀ ਮਹਿਫ਼ਲ-ਜਿਸ ਵਿਚ ਵਿਰਕ ਸਨ ਨਰੂਲਾ, ਪਾਤਰ, ਸੇਵਕ, ਸਾਧੂ ਸਿੰਘ ਮੈਂ ਕਿਵੇਂ ਭੁਲਾਵਾਂਗਾ! ਤੇਰੀ ਕਵਿਤਾ ਨੂੰ ਮੈਂ ਆਪਣੇ ਦਿਲ ਵਿਚ ਰੱਖਾਂਗਾ ਬੜੀ ਸੰਭਾਲ ਕੇ......।

ਮੁਖ਼ਤਾਰ ਗਿਲ

—0—



Namdhari Elibrary NamdhariElibrary@gmail.com

# ਕਲਮ ਦਾ ਸਫ਼ਰ

—ਪ੍ਰੋ: ਮੋਹਨ ਸਿੰਘ

"ਮੇਰੀ ਕਲਮ ਦਾ ਸਫ਼ਰ ਬਹੁਤ ਲੰਮਾ ਹੈ। ਇਹ ੧੯੨੧-੨੨ ਵਿਚ ਸ਼ੁਰੂ ਹੋਇਆ ਜਦੋਂ ਅੰਗਰੇਜ਼-ਵਿਰੋਧੀ ਲਹਿਰ ਆਪਣੀ ਸਿਖਰ ਉਤੇ ਸੀ। ਜਲ੍ਹਿਆਂ ਵਾਲੇ ਬਾਗ਼ ਨਨਕਾਣਾ ਸਾਹਿਬ ਦੇ ਸਾਕਿਆਂ ਅਤੇ ਗੁਰੂ ਕੇ ਬਾਗ਼ ਤੇ ਹੋਇਆਂ ਮੋਰਚਿਆਂ ਨੇ ਅਕਾਲੀ ਤੇ ਕਾਂਗਰਸ ਲਹਿਰਾਂ ਨੂੰ ਪ੍ਰੋਤ ਕਰ ਦਿਤਾ ਸੀ। ਧਰਮ-ਭਗਤੀ ਦੇ ਜਜ਼ਬੇ ਰਲ ਇਕ ਹੋ ਗਏ ਸਨ। ਸ਼ਹਿਰ ਤਾਂ ਕਿਤੇ ਪਾਸੇ ਰਹੇ ਦੁਰਾਡੇ ਪਿੰਡਾਂ ਵਿਚ ਵੀ ਰਾਜਸੀ ਚੇਤਨਤਾ ਦਾ ਹੜ੍ਹ ਪਹੁੰਚ ਗਿਆ। ਲੋਕੀਂ ਵੀਹ ਵੀਹ ਮੀਲ ਤੋਂ ਉਚੇਚੇ ਆਦਮੀ ਭੇਜ ਕੇ ਅਖ਼ਬਾਰ ਮੰਗਾਉਂਦੇ ਸਨ ਅਤੇ ਜੇ ਅਖ਼ਬਾਰ ਰਾਤ ਦੇ ਬਾਰਾਂ ਵਜੇ ਨਾਲ ਵੀ ਪਹੁੰਚਦੀ ਤਾਂ ਲੋਕੀਂ ਗੁਰਦਵਾਰੇ ਵਿਚ ਦੀਵੇ ਦੀ ਲੋਅ ਥੱਲੇ ਸਿਰੀਆਂ ਜੋੜ ਕੇ ਪੜ੍ਹਦੇ।

ਉਨ੍ਹਾਂ ਦਿਨਾਂ ਵਿਚ ਮੈਂ ਦਸਵੀਂ ਦਾ ਇਮਤਿਹਾਨ ਕੀਤਾ ਸੀ ਅਤੇ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਪਿੰਡ ਅਧਵਾਲ ਵਿਚ ਰਹਿੰਦਾ ਸੀ, ਜਿਥੇ ਮੇਰੇ ਪਿਤਾ ਜੀ ਡਾਕਟਰ ਸਨ। ਉਨ੍ਹਾਂ ਦਿਨਾਂ ਵਿਚ ਅਧਵਾਲ ਵਿਚ ਇਕ ਭਾਰੀ ਕਾਨਫ਼ਰੰਸ ਰਖੀ ਗਈ। ਕਈ ਕਈ ਮੀਲ ਮਾਰ ਕੇ ਲੋਕੀਂ ਉਸ ਕਾਨਫ਼ਰੰਸ ਵਿਚ ਸ਼ਾਮਲ ਹੋਏ। ਇਸ ਕਾਨਫ਼ਰੰਸ ਦੇ ਮੌਕੇ ਉਤੇ ਇਕ ਕਵੀ ਦਰਬਾਰ ਰਖਿਆ ਗਿਆ ਸੀ। ਕਵਿਤਾ ਲਿਖਣ ਲਈ "ਸਾਡਾ ਤੇ ਗੁਰੂ ਦਾ ਬਾਗ਼ ਸਾਡਾ" ਸਮੱਸਿਆ ਦਿਤੀ ਗਈ। ਉਸ ਦਿਨ ਤੀਕ ਮੈਨੂੰ ਕੋਈ ਪਤਾ ਨਹੀਂ ਸੀ ਕਿ ਕਵਿਤਾ ਕਿਵੇਂ ਲਿਖੀ ਜਾਂਦੀ ਹੈ, ਪਰ ਫ਼ਿਜ਼ਾ ਵਿਚ ਕੁਝ ਜੋਸ਼ ਸੀ ਕਿ ਮੈਂ ਕਵਿਤਾ ਲਿਖਣੀ ਸ਼ੁਰੂ ਕਰ ਦਿਤੀ। ਮੈਂ ਜਾਣਦਾ ਹਾਂ ਕਿ ਸਮੱਸਿਆ ਦਾ ਵਜ਼ਨ ਬੈਂਤ ਦਾ ਸੀ ਪਰ ਉਦੋਂ ਮੈਨੂੰ ਛੰਦਾ ਬੰਦੀ ਦਾ ਕੁਝ ਪਤਾ ਨਹੀਂ ਸੀ। ਸਮੱਸਿਆ ਨੂੰ ਬਾਰ ਬਾਰ ਪੜ੍ਹਨ ਨਾਲ ਉਸ ਦਾ ਤੋਲ ਮੇਰੇ ਦਿਲ ਵਿਚ ਕੁਝ ਐਸਾ ਘਰ ਕਰ ਗਿਆ ਕਿ ਮੈਂ ਦੋ ਘੰਟਿਆਂ ਵਿਚ ਕਵਿਤਾ ਤਿਆਰ ਕਰ ਲਈ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਰਾਤ ਨੂੰ ਕਵੀ ਦਰਬਾਰ ਵਿਚ ਮੇਰੀ ਕਵਿਤਾ ਨੂੰ ਦੋ ਵਾਰ ਜੈਕਾਰਿਆਂ ਵਿਚ ਸੁਣਿਆ ਗਿਆ ਤੇ ਕਵੀ ਦਰਬਾਰ ਦੇ ਖ਼ਾਤਮੇ ਉਤੇ ਮੈਨੂੰ ਪਹਿਲਾ ਇਨਾਮ ਵੀ ਮਿਲ ਗਿਆ।

ਕੁਝ ਚਿਰ ਬਾਅਦ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਮੈਂ ਲਾਹੌਰ ਗਿਆ। ਸ਼ਾਇਰੀ ਦਾ ਚਸਕਾ ਤਾਂ ਮੈਨੂੰ ਪੈ ਹੀ ਚੁਕਾ ਸੀ, ਇਸ ਲਈ ਆਪਣੀ ਪੜ੍ਹਾਈ ਦੇ ਨਾਲ ਨਾਲ ਮੈਂ ਉਰਦੂ, ਫ਼ਾਰਸੀ ਸ਼ਾਇਰੀ ਦਾ ਮੁਤਾਲਿਆ ਵੀ ਸ਼ੁਰੂ ਕਰ ਦਿਤਾ। ਇਨ੍ਹਾਂ ਦਿਨਾਂ ਵਿਚ ਅਕਾਲੀ ਲਹਿਰ ਦਾ ਤਾਅ ਮੱਠਾ ਪੈ ਚੁੱਕਾ ਸੀ। ਪੁਲਿਟੀਕਲ ਕਾਨਫ਼ਰੰਸਾਂ ਦੀ ਥਾਂ ਵਿਦਿਅਕ ਤੇ ਧਾਰਮਕ ਜੋੜ ਮੇਲਿਆਂ ਨੇ ਮੱਲ ਲਈ ਸੀ। ਕਵੀ ਦਰਬਾਰ ਇਨ੍ਹਾਂ ਜੋੜ ਮੇਲਿਆਂ ਦਾ ਜ਼ਰੂਰੀ ਹਿੱਸਾ ਹੁੰਦੇ ਸਨ ਜਿਨ੍ਹਾਂ ਵਿਚ ਮੁਸਾਫ਼ਿਰ, ਤੀਰ, ਦਰਦ, ਹਮਦਮ ਤੇ ਸ਼ਰਫ਼ ਖ਼ੂਬ ਰੰਗ ਬੰਨ੍ਹਦੇ ਸਨ। ਪਿਛੋਂ ਜਾ ਕੇ ਲਾਲਾ ਧਨੀ ਰਾਮ ਚਾਤ੍ਰਿਕ ਤੇ ਐਸ. ਐਸ. ਚਰਨ ਸਿੰਘ ਦੇ ਉੱਦਮ ਨਾਲ ਸੈਂਟਰਲ ਪੰਜਾਬੀ ਸਭਾ ਦੀ ਨੀਂਹ ਰਖੀ ਗਈ। ਲਾਹੌਰ, ਅੰਮ੍ਰਿਤਸਰ ਤੇ ਸ਼ਿਮਲੇ ਵਰਗੇ ਵੱਡੇ ਵੱਡੇ ਸ਼ਹਿਰਾਂ ਵਿਚ ਨਿਰੋਲ ਸਾਹਿੱਤਕ ਵੰਨਗੀ ਦੇ ਕਵੀ ਦਰਬਾਰ ਸ਼ੁਰੂ ਹੋ ਗਏ। ਇਨ੍ਹਾਂ ਕਵੀ ਦਰਬਾਰਾਂ ਵਿਚ ਪੜ੍ਹੀਆਂ ਜਾਣ ਵਾਲੀਆਂ ਕਵਿਤਾਵਾਂ ਖ਼ਿਆਲ ਤੇ ਬਣਤਰ ਦੋਹਾਂ ਲਿਹਾਜ਼ਾਂ ਨਾਲ ਰਵਾਇਤੀ ਢੰਗ ਦੀਆਂ ਹੁੰਦੀਆਂ ਸਨ। ਬੋਲੀ ਦੀ ਖ਼ੂਬਸੂਰਤੀ ਉਤੇ ਬਹੁਤ ਜ਼ੋਰ ਦਿਤਾ ਜਾਂਦਾ ਸੀ। ਮੇਰੀ ਕਵਿਤਾ ਉਤੇ ਵੀ ਅਜਿਹੀ ਫ਼ਿਜ਼ਾ ਦਾ ਅਸਰ ਹੋਣਾ ਕੁਦਰਤੀ ਸੀ। ਮੈਂ ਇਸ ਤਰ੍ਹਾਂ ਦੀ ਰਵਾਇਤੀ ਕਵਿਤਾ ਉਤੇ ਹੱਥ ਅਜ਼ਮਾਏ। ਨੂਰ ਜਹਾਨ, ਅਨਾਰਕਲੀ ਤੇ ਬਸੰਤ ਨੂੰ ਇਸ ਰੰਗ ਵਿਚ ਲਿਖੀਆਂ ਕਵਿਤਾਵਾਂ ਦੇ ਸਭ ਤੋਂ ਚੰਗੇ ਨਮੂਨੇ ਆਖ ਸਕਦਾ ਹਾਂ।

੧੯੩੪ ਵਿਚ ਮੈਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫ਼ੈਸਰ ਲਗ ਗਿਆ, ਜਿਥੇ ਮੈਨੂੰ ਸਿੱਖ ਧਰਮ ਤੇ ਇਤਿਹਾਸ ਦੇ ਮੁਤਾਲੇ ਦਾ ਮੌਕਾ ਮਿਲਿਆ। ਭਾਈ ਵੀਰ ਸਿੰਘ ਜੀ ਦੀਆਂ ਰਚਨਾਵਾਂ ਨੂੰ ਮੈਂ ਖ਼ਾਸ ਧਿਆਨ ਨਾਲ ਪੜ੍ਹਿਆ ਤੇ ਉਨ੍ਹਾਂ ਦੇ ਅਸਰ ਥੱਲੇ ਮੈਂ ਕੁਝ ਰੁਬਾਈਆਂ ਤੇ ਧਾਰਮਕ



Namdhari Elibrary NamdhariElibrary@gmail.com

ਕਵਿਤਾਵਾਂ ਲਖੀਆਂ। ਪਰ ਦੇਸ਼ ਵਿਚ ਹੋ ਰਹੇ ਆਜ਼ਾਦੀ ਦੇ ਘੋਲ ਨੇ ਛੇਤੀ ਹੀ ਮੇਰਾ ਧਿਆਨ ਆਪਣੀ ਵਲ ਖਿੱਚ ਲਿਆ। ੧੯੩੭ ਵਿਚ ਅਸੈਂਬਲੀ ਦੀਆਂ ਚੋਣਾਂ ਆ ਜਾਣ ਕਰ ਕੇ ਕਾਂਗਰਸ ਦੇ ਸ਼ਾਂਤ ਪਾਣੀਆਂ ਵਿਚ ਫੇਰ ਨਵਾਂ ਹੁਲਾਰਾ ਆ ਗਿਆ ਸੀ। ਅਜਿਹੇ ਚੌਗਿਰਦੇ ਦੇ ਜ਼ਬਰਦਸਤ ਪ੍ਰਭਾਵ ਨੂੰ ਮੇਰੀ ਅਗਾਂਹਵਧੂ ਤਬੀਅਤ ਨੇ ਸਹਿਜੇ ਹੀ ਕਬੂਲ ਕਰ ਲਿਆ ਤੇ ਰਾਜਨੀ ਦੇਸ਼-ਪਿਆਰ ਦੇ ਜਜ਼ਬੇ ਵਾਲੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿਤੀਆਂ। ਇਸ ਦੌਰ ਦੀਆਂ ਕਵਿਤਾਵਾਂ ਵਿਚੋਂ 'ਮੈਂ ਨਹੀਂ ਰਹਿਣਾ ਤੇਰੇ ਗਿਰਾਂ' 'ਆਉ ਨੱਚੀਏ', 'ਮੇਰੇ ਗੀਤ' ਤੇ 'ਸੁਪਨੇ' ਧਿਆਨ ਜੋਗ ਹਨ।

੧੯੩੮ ਦੇ ਮੁੱਢ ਵਿਚ ਮੇਰੀ ਕਵਿਤਾ ਦਾ ਝੁਕਾਉ ਯਕਦਮ ਅੰਦਰ-ਮੁਖੀ ਹੋ ਗਿਆ ਤੇ ਮੈਂ ਬਾਹਰ ਦੇ ਸਭ ਰਾਜਸੀ ਤੇ ਸਮਾਜਕ ਅਸਰਾਂ ਨੂੰ ਕਬੂਲ ਕਰਨਾ ਛੱਡ ਦਿਤਾ। ਮੈਨੂੰ ਇਉਂ ਜਾਪਣ ਲਗਾ ਕਿ ਮੇਰੇ ਅੰਦਰ ਵੀ ਉਤਨੀ ਹੀ ਚੌੜੀ ਤੇ ਵਿਸ਼ਾਲ ਦੁਨੀਆਂ ਆਬਾਦ ਹੈ, ਜਿਤਨੀ ਕਿ ਮੇਰੇ ਬਾਹਰ। ਦਿਨੋ ਦਿਨ ਮੇਰੇ ਅੰਦਰ ਦੀ ਇਹ ਦੁਨੀਆਂ ਵਧੇਰੇ ਦਿਲਚਸਪ, ਅਨੋਖੀ ਤੇ ਰਹੱਸਮਈ ਹੁੰਦੀ ਗਈ। ਮੇਰੀ ਹਾਲਤ ਇਕ ਐਸੇ ਬੱਚੇ ਵਰਗੀ ਸੀ, ਜਿਸ ਨੂੰ ਰੇਸ਼ਮੀ ਲੀਰਾਂ ਵਾਲਾ ਇਕ ਖਿੱਦੋ ਲਭ ਪਵੇ ਤੇ ਜਿਸ ਨੂੰ ਉਹ ਜਿਉਂ ਜਿਉਂ ਉਧੇੜੇ ਤਿਉਂ ਤਿਉਂ ਹੇਠੋਂ ਨਵੇਂ ਰੰਗ ਨਿਕਲਦੇ ਆਉਣ। ਮੈਂ ਵੀ ਰਾਤ ਦਿਨ ਦਿਲ ਦੇ ਖਿੱਦੋ ਉਤੋਂ ਪਰਦੇ ਉਧੇੜਦਾ ਰਹਿੰਦਾ ਸਾਂ, ਪਰ ਉਸ ਦੀਆਂ ਤਹਿਆਂ ਮੁੱਕਣ ਵਿਚ ਹੀ ਨਹੀਂ ਸਨ ਆਉਂਦੀਆਂ। ਹਰ ਤਹਿ ਦੇ ਹੇਠੋਂ ਨਵਾਂ ਰੰਗ ਨਿਕਲਦਾ ਸੀ ਤੇ ਹਰ ਰੰਗ ਵਿਚ ਨਵੀਂ ਚਮਕ ਹੁੰਦੀ ਸੀ। ਜਿਨ੍ਹਾਂ ਦਿਨਾਂ ਵਿਚ ਮੈਨੂੰ ਆਪਣੇ ਅੰਦਰ ਸਾਰੀਆਂ ਹੀ ਰੁੱਤਾਂ ਬਦਲਦੀਆਂ ਦਿਸਦੀਆਂ ਸਨ ਅਤੇ ਰਾਤ ਦਿਨ ਦੇ ਸਦੀਵੀ ਗੇੜਿਆਂ ਦਾ ਅਨੁਭਵ ਹੁੰਦਾ ਸੀ। ਇਉਂ ਜਾਪਦਾ ਸੀ ਕਿ ਲੱਖਾਂ ਸੂਰਜ ਮੇਰੇ ਅੰਦਰ ਚੜ੍ਹਦੇ ਹਨ ਤੇ ਸਾਰੀ ਦੁਨੀਆਂ ਦੇ ਜੰਗਲੀ ਫੁੱਲਾਂ ਦੀ ਖ਼ੁਸ਼ਬੂ ਮੇਰੇ ਅੰਦਰ ਬੰਦ ਹੈ। ਇਨ੍ਹਾਂ ਦਿਨਾਂ ਵਿਚ ਹੀ ਮੈਂ ਇਹ ਗੀਤ ਲਿਖਿਆ ਸੀ :

ਸਵਾਦ ਸਵਾਦ ਮੈਂ ਹੋਇਆ
ਤਾਰਿਆਂ ਦੀ ਨਿੰਮ੍ਹੀ ਨਿੰਮ੍ਹੀ ਲੋ
ਅੱਖਾਂ ਭਰੀਆਂ ਸੁਫਨਿਆਂ
ਮੇਰੀ ਹਿੱਕ ਭਰੀ ਖੁਸ਼ਬੋ
ਝੁਕ ਝੁਕ ਤਾਰੇ ਅਰਸ਼ ਦੇ,
ਲੈਣ ਪਏ ਕਨਸੋ
ਕੀ ਤੱਕੋ ਤੁਸੀਂ ਤਾਰਿਓ
ਕੀ ਲਵੋ ਕਨਸੋ
ਤੁਸੀਂ ਚੀਜ਼ ਕੋਈ ਅਰਸ਼ ਦੀ
ਮੈਨੂੰ ਲਗੀ ਜ਼ਿਮੀਂ ਦੀ ਛੋਹ।

ਮੈਨੂੰ ਇਉਂ ਪ੍ਰਤੀਤ ਹੋਣ ਲੱਗ ਪਿਆ ਸੀ ਕਿ ਘਰ ਕਿਧਰੇ ਹੋਰ ਹੈ – ਸੱਤ ਸਮੁੰਦਰੋਂ ਪਾਰਲੇ ਟਾਪੂ ਵਿਚ ਜਾਂ ਕਿਸੇ ਅਦਿੱਖ ਸਿਤਾਰੇ ਵਿਚ। ਲੋਕੀਂ ਬਿਲਕੁਲ ਓਪਰੇ ਓਪਰੇ ਜਾਪਦੇ ਸਨ। ਖ਼ਬਰ ਨਹੀਂ ਕਿਸ ਚੀਜ਼ ਦੇ ਖੰਭਾਂ ਉਤੇ ਉਡਦਾ ਫਿਰਦਾ ਸਾਂ, ਅਵਸਥਾ ਵਿਚ ਹੀ ਮੈਂ ਗਾਵਿਆ ਸੀ :

ਮੈਂ ਹੁੰਦਾ ਜਾਂ ਕੁਝ ਹੋਰ ਹੋਰ
ਮੇਰੀ ਵੱਖਰੀ ਜਾਪੇ ਤੋਰ ਤੋਰ
ਕੋਈ ਆਉਂਦੀ ਜਾਪੇ ਯਾਦ ਯਾਦ
ਜਿੰਦ ਹੁੰਦੀ ਜਾਵੇ ਸਵਾਦ ਸਵਾਦ
ਲੱਖ ਬੁੱਲ੍ਹੀਆਂ ਰੱਖਾਂ ਸੀਤ ਸੀਤ
ਨਹੀਂ ਲੁਕਦੀ ਦਿਲ ਦੀ ਪੀੜ ਪੀੜ
ਕੋਈ ਚੜ੍ਹਦਾ ਜਾਵੇ ਰੰਗ ਰੰਗ
ਮੈਨੂੰ ਦੁਨੀਆ ਜਾਪੇ ਤੰਗ ਤੰਗ
ਜੀ ਚਾਹੇ ਸਾਗਰ ਤਰਨ ਤਰਨ
ਜੀ ਚਾਹੇ ਪਰਬਤ ਚੜ੍ਹਨ ਚੜ੍ਹਨ
ਜੀ ਲੋਚੇ ਉਡਣਾ ਗਗਨ ਗਗਨ
ਚੰਨ ਤਾਰਿਆਂ ਦੇ ਗਲ ਲਗਣ ਲਗਣ
ਜਿੰਦ ਤਰਬਾਂ ਉਠੀਆਂ ਲਰਜ਼ ਲਰਜ਼
ਅਨ੍ਹੀ ਅਕਲੋ ਅੱਜ ਨਾ ਵਰਜ ਵਰਜ
ਨੱਚਣ ਦੇ ਅੜੀਏ ਨਗਨ ਨਗਨ
ਕੀ ਸੱਚ ਨੂੰ ਆਖੇ ਕਜਣ ਕਜਣ
ਕੋਈ ਚੜ੍ਹਦਾ ਜਾਵੇ ਲੋਰ ਲੋਰ
ਮੈਂ ਹੁੰਦਾ ਜਾਂ ਕੁਝ ਹੋਰ ਹੋਰ।

੧੯੩੯ ਵਿਚ ਮੈਂ ਖ਼ਾਲਸਾ ਕਾਲਜ ਦੀ ਨੌਕਰੀ ਛ ਕੇ ਲਾਹੌਰ ਆ ਗਿਆ। ਇਥੇ ਆ ਕੇ ਮੈਨੂੰ ਅਗਾਂਹਵ ਸਾਹਿੱਤ ਪੜ੍ਹਨ ਦਾ ਮੌਕਾ ਮਿਲਿਆ। ਇਹ ਮੁਤਾਲਿਆ ਮੈਨੂੰ ਆਪੇ ਦੀ ਡੂੰਘਾਣ ਵਿਚੋਂ ਬਾਹਰ ਤਾਂ ਨਾ ਕੱਢ ਸਕਿਆ



Namdhari Elibrary NamdhariElibrary@gmail com

ਪਰ ਇਤਨਾ ਜ਼ਰੂਰ ਹੋ ਗਿਆ ਕਿ ਮੇਰੇ ਮਨ ਅੰਦਰ ਦੀ ਕੋਈ ਨਾ ਕੋਈ ਤਾਕੀ ਖੁਲ੍ਹੀ ਰਹਿਣ ਲੱਗ ਪਈ ਤੇ ਹੌਲੀ ਹੌਲੀ ਬਾਹਰ ਦੀ ਨਰੋਈ ਹਵਾ ਨੇ ਅਸਰ ਕਰਨਾ ਸ਼ੁਰੂ ਕਰ ਦਿਤਾ। ਸਹਿਜੇ ਸਹਿਜੇ ਮੇਰੇ ਮੂਰਛਤ ਮਨ ਨੇ ਹੋਸ਼ ਸੰਭਾਲੀ ਤੇ ਮੈਂ ਆਪਣੇ ਚੌਗਿਰਦੇ ਵਿਚ ਖਿਲਰੀਆਂ ਚੀਜ਼ਾਂ ਤੇ ਹਕੀਕਤਾਂ ਨੂੰ ਮੁੜ ਕੇ ਸੰਵਾਰਨ ਲੱਗ ਪਿਆ। ਇਸ ਨਵੇਂ ਚੌਗਿਰਦੇ ਨੇ ਮੈਨੂੰ ਸਵੈ-ਰੁਝੇਵੇਂ ਦੀ ਅਵਸਥਾ ਵਿਚੋਂ ਕੱਢ ਕੇ ਲੋਕ-ਚੇਤੰਨਤਾ ਦੀ ਅਵਸਥਾ ਵਿਚ ਲੈ ਆਂਦਾ। ਹੌਲੀ ਹੌਲੀ ਪਿਆਰ ਬਾਰੇ ਮੇਰਾ ਨਜ਼ਰੀਆ ਬਦਲ ਗਿਆ। ਮੈਨੂੰ ਯਕੀਨ ਹੋ ਗਿਆ ਕਿ ਆਪਣੀ ਸ਼ਖ਼ਸੀਅਤ ਨੂੰ ਹੀ ਸਾਰੀ ਦੁਨੀਆਂ ਦਾ ਕੇਂਦਰ ਸਮਝ ਲੈਣਾ ਤੇ ਆਪਣੇ ਸਾਰੇ ਹੁਨਰ ਨੂੰ ਇਸੇ ਉਤੇ ਖਰਚ ਕਰ ਦੇਣਾ ਨਿਰੀ ਅਗਿਆਨਤਾ ਹੈ। ਇਸ ਖਿਆਲ ਨੇ ਮੇਰੇ ਜਜ਼ਬੇ ਨੂੰ ਤੜਪ ਦੀ ਅਵਸਥਾ ਵਿਚੋਂ ਕੱਢ ਕੇ ਧੀਰਜ ਤੇ ਅਡੋਲਤਾ ਦੀ ਅਵਸਥਾ ਵਿਚ ਲੈ ਆਂਦਾ।

ਹੋਰ ਵਧੇਰੇ ਸੋਚਣ ਨਾਲ ਮੈਨੂੰ ਯਕੀਨ ਹੋ ਗਿਆ ਕਿ ਵਿਤਕਰੇ, ਲੁੱਟ-ਖਸੁੱਟ ਤੇ ਗਲਤ ਇਖ਼ਲਾਕੀ ਕੀਮਤਾਂ ਉਤੇ ਉਸਰੇ ਸਮਾਜ ਵਿਚ ਪਿਆਰ ਮੁਮਕਨ ਹੀ ਨਹੀਂ ਤੇ ਜਿਸ ਨੂੰ ਅਸੀਂ ਪਿਆਰ ਆਖਦੇ ਹਾਂ, ਉਹ ਸਵੈ-ਧੋਖਾ ਹੀ ਹੈ। ਇਸ ਸਮਾਜ ਵਿਚ ਤੀਵੀਂ ਇਕ ਜਾਇਦਾਦ ਬਣਕੇ ਰਹਿ ਗਈ ਹੈ। ਇਸ ਲਈ ਸਾਡੇ ਸਾਹਮਣੇ ਅਸਲੀ ਸਵਾਲ ਕਿਸੇ ਇਕ ਅੱਧੇ ਪਿਆਰ ਨੂੰ ਸਫਲ ਕਰਨਾ ਨਹੀਂ, ਸਗੋਂ ਸਾਰੀ ਇਸਤਰੀ ਜਾਤੀ ਨੂੰ ਸੁਤੰਤਰ ਕਰਨਾ ਹੈ। ਆਪਣੀ ਜਾਇਦਾਦ ਵਾਲੀ ਕਵਿਤਾ ਵਿਚ ਮੈਂ ਇਸੇ ਖਿਆਲ ਦੀ ਵਿਆਖਿਆ ਕੀਤੀ ਹੈ।

ਇਸ ਅਹਿਸਾਸ ਨੇ ਮੇਰੇ ਮਨ ਵਿਚ ਸਮਾਜਕ ਅਨਿਆਂ ਦੇ ਵਿਰੁਧ ਵਿਰੋਧ ਜਿਹਾ ਪੈਦਾ ਕਰ ਦਿਤਾ ਸੀ। ਮੈਂ ਪੁਰਾਣੀਆਂ ਸੰਸਥਾਵਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣਾ ਸ਼ੁਰੂ ਕਰ ਦਿਤਾ ਸੀ ਗਲਤ ਕੀਮਤਾਂ ਨੂੰ ਬਦਲਣ ਦੇ ਸੁਪਨੇ ਲੈਣੇ ਸ਼ੁਰੂ ਕਰ ਦਿਤੇ ਸਨ, ਪੁਰਾਣੇ ਖਿਆਲਾਂ, ਅਕੀਦਿਆਂ ਤੇ ਰਵਾਇਤਾਂ ਨੂੰ ਵਡਿਆਂ ਦੀ ਦਾਤ ਸਮਝ ਕੇ ਪਰਵਾਨ ਕਰਨਾ ਛੱਡ ਦਿਤਾ ਸੀ। ਮੇਰੀ ਭਗਤੀ ਤੇ ਸਤਸੰਗ ਨਾ ਦੀਆਂ ਕਵਿਤਾਵਾਂ ਦਾ ਬੜਾ ਵਿਰੋਧ ਹੋਇਆ, ਜਿਸ ਦੇ ਫਲ ਸਰੂਪ ਮੈਨੂੰ ਸਿੱਖ ਨੈਸ਼ਨਲ ਕਾਲਜ, ਲਾਹੌਰ ਦੀ ਨੌਕਰੀ ਵੀ ਛੱਡਣੀ ਪਈ। ਪਰ ਮੇਰੇ ਨਾਲ ਇਹ ਕੋਈ ਨਵੀਂ ਗੱਲ ਨਹੀਂ ਸੀ ਹੋਈ। ਟੀ. ਐਸ. ਇਲੀਅਟ ਨੇ ਜਦ 'ਪ੍ਰੂਫ੍ਰੋਕ' ਨਾਂ ਦੀ ਕਵਿਤਾ ਛਾਪੀ ਤਾਂ ਸਨਾਤਨੀ ਆਲੋਚਕਾਂ ਨੇ ਉਸ ਨੂੰ 'ਬੁਰਾਈ ਨਾਲ ਭਰੀ ਹੋਈ,' 'ਇਕ ਸ਼ੈਤਾਨੀ ਤਜਰਬਾ,' 'ਇਕ ਫਰੋਲਿਆ ਹੋਇਆ ਬਦਬੂਦਾਰ ਢੇਰ' ਆਖਿਆ ਸੀ।

ਪਰ ਮੇਰੇ ਇਹ ਵਿਚਾਰ ਤੇ ਅਹਿਸਾਸ ਅਜੇ ਤਕ ਇਕ ਖੁਦ ਰੌਅ ਬੂਟੇ ਵਾਂਗ ਹੀ ਸਨ। ਇਨ੍ਹਾਂ ਨੂੰ ਅਜੇ ਤਕ ਕੋਈ ਵਿਗਿਆਨਕ ਸੇਧ ਨਹੀਂ ਸੀ ਮਿਲੀ। ਅਸਲ ਵਿਚ ਮੇਰੀ 'ਨਿਜ' ਤੋਂ 'ਪਰ' ਵਲ ਯਾਤਰਾ ੧੯੩੬ ਵਿਚ ਸ਼ੁਰੂ ਹੋਈ ਜਦੋਂ ਸੱਜਾਦ ਜ਼ਹੀਰ ਦੇ ਉੱਦਮ ਨਾਲ ਪੰਜਾਬ ਵਿਚ ਤਰੱਕੀ ਪਸੰਦ ਲੇਖਕਾਂ ਦੀਆਂ ਮਿਲਣੀਆਂ ਸ਼ੁਰੂ ਹੋਈਆਂ। ਅੰਮ੍ਰਿਤਸਰ ਸ਼ਾਖਾਂ ਦੀਆਂ ਮਿਲਣੀਆਂ ਵਿਚ ਮੇਰੇ ਇਲਾਵਾ ਸੱਜਾਦ ਜ਼ਹੀਰ, ਡਾਕਟਰ ਤਾਸੀਰ, ਫ਼ੈਜ਼ ਅਹਿਮਦ ਫ਼ੈਜ਼ ਤੇ ਸੰਤ ਸਿੰਘ ਸੇਖੋਂ, ਸ਼ਾਮਲ ਹੋਇਆ ਕਰਦੇ ਸਨ। ਇਹ ਮਿਲਣੀਆਂ ਚੋਰੀ ਹੋਇਆ ਕਰਦੀਆਂ ਸਨ। ਜਦ ਕਿਸੇ ਅਗਲੀ ਮਿਲਣੀ ਦੀ ਥਾਂ ਬਾਰੇ ਫ਼ੈਸਲਾ ਕਰਨਾ ਹੁੰਦਾ ਤਾਂ ਡਾਕਟਰ ਤਾਸੀਰ ਮਜ਼ਾਕ ਨਾਲ ਕਿਹਾ ਕਰਦੇ ਸਨ, "ਭਾਈ ਕਿਸੀ ਸਰਕਾਰੀ ਇਦਾਰੇ ਮੇਂ ਮੀਟਿੰਗ ਰਖੋ, ਵਹਾਂ ਬਕ ਕਮ ਹੋਗਾ।'

੧੯੩੯ ਵਿਚ ਜਦੋਂ ਮੈਂ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਨੌਕਰੀ ਛੱਡ ਕੇ ਲਾਹੌਰੋਂ 'ਪੰਜ ਦਰਿਆ' ਜਾਰੀ ਕੀਤਾ ਤਾਂ ਉਥੇ ਨਵੇਂ ਅਗਾਂਹਵਧੂ ਦਾਨਸ਼ਵਰਾਂ ਦੀ ਸੰਗਤ ਮਿਲੀ। ਦੇਸ਼ ਦੀ ਵੰਡ ਮਗਰੋਂ ਮਾਰਕਸੀ ਪ੍ਰਭਾਵਾਂ ਦੇ ਅਧੀਨ ਮੇਰੀ ਚੇਤੰਨਤਾ ਹੋਰ ਵੀ ਤਿੱਖੀ ਹੋ ਗਈ ਅਤੇ ਮੈਂ ਲੋਕ-ਸੰਘਰਸ਼ ਬਾਰੇ ਮੰਗਲੀ, ਗੱਜਣ ਸਿੰਘ ਦੀ ਵਾਰ, ਅਮਨ ਤ੍ਰਿਸ਼ੂਲ ਆਦਿ ਕਵਿਤਾਵਾਂ ਦੀ ਰਚਨਾ ਕੀਤੀ। ਅਮਨ ਲਹਿਰ ਬਾਰੇ ਕਈ ਗੀਤ ਤੇ ਇਕ ਓਪਰੇਟਾ ਵੀ ਲਿਖਿਆ ਜੋ ਦਿੱਲੀ ਦੇ ਰੰਗ-ਮੰਚ ਤੇ ਖੇਡਿਆ ਗਿਆ। "ਜੋ ਮੀਰ" ਨੂੰ ਮੇਰੇ ਪ੍ਰਗਤੀਵਾਦੀ ਵਿਚਾਰਾਂ ਦੀ ਸਿਖਰ ਕਿਹਾ ਜਾ ਸਕਦਾ ਹੈ ਅਤੇ ਸ਼ਾਇਦ ਏਸੇ ਲਈ ਮੈਨੂੰ ਇਸ ਪੁਸਤਕ ਉਤੇ ੧੯੬੮ ਵਿਚ ਸੋਵੀਅਤ ਲੈਂਡ ਨਹਿਰੂ ਐਵਾਰਡ ਵੀ ਦਿਤਾ ਗਿਆ ਹੈ।

ਹੁਣ ਮੈਨੂੰ ਨਿਜੀ ਪਿਆਰ ਤੇ ਲੋਕ ਪਿਆਰ ਵਿਚ ਕੋਈ ਵਿਰੋਧ ਨਜ਼ਰ ਨਹੀਂ ਆਉਂਦਾ, ਸਗੋਂ ਇਨ੍ਹਾਂ ਦੋਹਾਂ ਅਨੁਭਵਾਂ ਨੂੰ ਮੈਂ ਇਕ ਦੂਜੇ ਦਾ ਪੂਰਕ ਸਮਝਦਾ ਹਾਂ। ਏਸੇ ਵਿਚਾਰ ਦੇ ਅਧੀਨ ਹੀ ਮੈਂ ਲਿਖਿਆ ਹੈ:

ਮੈਂ ਕੁਠਾਲੀ ਇਸ਼ਕ ਵਾਲੀ, ਤੜਪ ਬਦਲੀ ਵੇਗ ਵਿਚ
ਹੌਲੀ ਹੌਲੀ ਬਣ ਗਿਆ ਮਿੱਤਰਾਂ ਦਾ ਗ਼ਮ ਲੋਕਾਂ ਦਾ ਗ਼ਮ॥



Namdhari Elibrary NamdhariElibrary@gmail.com

# ਮੋਹਣ ਸਿੰਘ ਤੇ ਫੁਲਕਾਰੀਆਂ ਵਾਲੀ ਰਾਤ.....

—ਸੁਮੇਰ

ਰਹਿ-ਰਹਿ ਕੇ ਇਕ ਯਾਦ...ਤੇ ਫਿਰ ਅੱਖਾਂ ਸਾਹਵੇਂ ਇਕ ਪ੍ਰਸ਼ਨ ਵਾਵਰੋਲੇ ਵਾਂਗ ਘੁੰਮਦਾ ਹੈ —

"ਖਨਗਾਹੀਂ ਦੀਵੇ ਬਾਲਣ ਵਾਲੀ"...ਕੌਣ ਸੀ ਉਹ, ਜਿਸ ਨੇ ਫਿਰ ਲਿਖਾਇਆ ਮੋਹਣ ਸਿੰਘ ਪਾਸੋਂ :—

"ਪੜ੍ਹ ਪੜ੍ਹ ਪੁਸਤਕ ਢੇਰ ਕੁੜੇ
ਮੇਰਾ ਵਧਦਾ ਜਾਵੇ ਹਨ੍ਹੇਰ ਕੁੜੇ"

ਭਾਵੇਂ ਗੱਲ ਉਹ "ਬਸੰਤ" (ਆਪਣੀ ਸੁਰਗਵਾਸੀ ਪਹਿਲੀ ਪਤਨੀ) ਦੀ ਕਰਦਾ ਹੈ :—

"ਮੋਹਣ, ਕਿੰਝ ਬਣਦਾ ਤੂੰ ਸ਼ਾਇਰ
ਜੇਕਰ ਮੈਂ ਨਾ ਮਰਦੀ"

ਪਰ ਫਿਰ ਵੀ ਦੀਵਾ ਬਾਲਣ ਵਾਲੀ ਕੁੜੀ ਇਕ ਹੋਰ ਸੀ, ਜਿਸ ਨੇ ਮੋਹਣ ਸਿੰਘ ਦੇ ਅੰਦਰ ਕੋਈ ਆਖਰਾਂ ਦਾ ਭਾਂਬੜ ਬਾਲੀ ਰਖਿਆ।

ਤੇ ਇਹ ਗੱਲ ਕੁਝ ਠੀਕ ਹੀ ਸਿੱਧ ਹੋਈ, ਜਦੋਂ ਸਾਡੇ (ਈਸ਼ਵਰ, ਸੁਜਾਨ ਸਿੰਘ, ਬਾਵਾ ਬਲਵੰਤ, ਸਫੀਰ, ਕੇਸਰ ਸਿੰਘ, ਡਾ: ਹਰਚਰਨ ਸਿੰਘ, ਗਿ: ਲਾਲ ਸਿੰਘ ਗੁਜਰਾਂਵਾਲਾ ਚੁਗਤਾਈ ਤੇ ਸੁਮੇਰ ਆਦਿ ਪੰਜ ਪਾਂਡਵ...) ਤੇ ਮੋਹਣ ਸਿੰਘ ਦੇ ਸਾਂਝੇ ਮਿੱਤਰ ਸ: ਪਾਲ ਸਿੰਘ ਨੇ ਮੈਨੂੰ ਦਸਿਆ...

ਤੇ ਫਿਰ ਜਦੋਂ ਲਗਪਗ 1935 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਮੋਹਣ ਸਿੰਘ ਦੇ ਘਰ ਬੈਠੇ ਸਾਂ ਈਸ਼ਵਰ ਕਲਾਕਾਰ, ਪਾਲ ਸਿੰਘ ਤੇ ਮੈਂ, ਚਾਰ ਪੰਜ ਘੰਟੇ ਸਾਹਿਤਕ ਗੱਪਾਂ ਤੋਂ ਮਗਰੋਂ ਅੱਧੀ ਕੁ ਰਾਤ...ਮੋਹਣ ਸਿੰਘ ਨੇ ਸੁਰਗਵਾਸੀ "ਬਸੰਤ" ਦੀਆਂ ਗੱਲਾਂ ਛੇੜੀਆਂ, ਕੁਝ ਭਾਵੁਕ ਹੋ ਗਿਆ, ਤੇ ਫਿਰ ਉਹਦੇ ਹੱਥਾਂ ਦੀਆਂ ਕੱਢੀਆਂ ਫੁਲਕਾਰੀਆਂ ਦਿਖਾਈਆਂ, ਬੇਹੱਦ ਬਰੀਕ ਸੂਝ ਤੇ ਸੁਹਜ-ਸੁਆਦਾਂ ਵਾਲੀ ਕੁੜੀ ਉਹ ਜਾਪੀ—ਈਸ਼ਵਰ ਨੇ ਮੈਨੂੰ ਕੰਨ 'ਚ ਕਿਹਾ :— "ਸੁਮੇਰ" ਤੂੰ ਇਹ ਦੇ ਪਾਸੋਂ "ਖਨਗਾਹ" ਵਾਲੀ ਕੁੜੀ ਬਾਰੇ ਪੁਛ"......ਪਰ ਇਸ ਸਮੇਂ ਗੂੜ੍ਹੀ ਬਸੰਤ-ਬਹਾਰ ਉੱਤਰੀ ਵੇਖ ਮੈਂ ਚੁਪ ਰਿਹਾ......ਤੇ ਮੋਹਣ ਸਿੰਘ ਕਿਸੇ ਅਨੋਖੀ ਮਸਤੀ 'ਚ ਆਪਣਾ ਗੀਤ ਗੁਣਗੁਣਾਉਂਦਾ ਰਿਹਾ—ਸਵੇਰ ਹੋਈ ਤਾਂ "ਰੂਪ" ਅੰਮ੍ਰਿਤਸਰੀ ਆ ਗਿਆ, ਦਸ ਵਜੇ ਤਕ ਮਹਿਫਲ ਖੂਬ ਗਰਮ ਰਹੀ।

ਉਸ 1935, ਤੇ ਹੁਣ ਤਿੰਨ ਮਈ 1978 ਦੇ ਵਿਚ ਵਿਚ ਮੋਹਣ ਸਿੰਘ ਨੇ ਕਿਨੇ ਹੀ ਜਨਮ ਹੋਰ ਲਏ, ਸਾਹਿਤਕ ਜਨਮ—ਪਰ ਉਹ ਵਾਸਤਵਿਕ ਸ਼ਬਦਾਂ ਵਿਚ "ਸ਼ਾਇਰ" ਸੀ, ਸੀ ਨਹੀਂ "ਹੈ"—ਇਕ ਮਹਾਨ ਸ਼ਾਇਰ—ਮਹਾਨ ਮਨੁਖ ਜਿਸ ਨੂੰ ਮੌਤ ਨਹੀਂ ਮਾਰ ਸਕਦੀ......

ਬੜੀ ਵਾਰ ਮੋਹਣ ਸਿੰਘ ਨਾਲ ਬੈਠਕਾਂ ਹੋਈਆਂ। ਮੇਰੇ ਪਾਸ ਉਹ ਨਨਕਾਣਾ ਸਾਹਿਬ ਵੀ ਆਇਆ, ਵੱਡੀ ਮਹਿਫਲ ਜੁੜੀ, ਜਿਸ ਵਿਚ ਉਥੋਂ ਦੀ ਐਸਟੇਟ ਦੇ ਸੁਪ੍ਰਸਿਧ ਮੈਨੇਜਰ ਸ: ਨਾਰਾਇਣ ਸਿੰਘ, ਸ: ਫੂਲਾ ਸਿੰਘ, ਗੁਰਦਵਾਰਾ ਸਕੂਲ ਸਟਾਫ ਤੇ ਸ਼ਹਿਰ ਦੇ ਚੋਟੀ ਦੇ ਸੱਜਣਾਂ ਨੇ ਪਹਿਲੀ ਵਾਰ ਮੋਹਨ ਸਿੰਘ ਤੇ ਸੁਮੇਰ ਨੂੰ ਨੇੜੇ ਹੋ ਤੱਕਿਆ—ਤੇ ਫਿਰ ਕੁਝ ਮਹਿਫਲਾਂ ਅੰਮ੍ਰਿਤਸਰ ਤੇ ਲਾਹੌਰ ਵੀ—

ਪਰ ਜਦੋਂ ਵੀ ਉਹ ਮਿਲਿਆ, ਇਕ ਹੋਰ ਮੋਹਨ ਸਿੰਘ ਦੇ ਰੂਪ ਵਿਚ, ਦਿਨੋਂ ਦਿਨ ਹੋਰ ਖਿੜਦਾ, ਖਿੜਾਉਂਦਾ ਮਹਿਕਾਂ ਵੰਡਦਾ ਦੂਰ ਕਿਤੇ ਚਲਾ ਗਿਆ "ਬਸੰਤ" ਰਾਣੀ "ਖਨਗਾਹੀਂ ਦੀਵੇ ਬਾਲਦੀ" ਕਿਸੇ ਰੰਗਲੀ ਪਰਛਾਈ ਕੋਲ...ਪਰ ਉਹ ਆਪਣੀਆਂ ਇਹਨਾ ਅਨੋਖੀਆਂ ਮਹਿਕਾਂ ਵਿਚ ਨੇੜੇ ਤੇੜੇ ਹੀ ਕਿਤੇ ਜਾਪਦਾ ਹੈ।



Namdhari Elibrary NamdhariElibrary@gmail.com

# ਅਮਰ ਮੋਹਨ ਸਿੰਘ


ਪ੍ਰੋ: ਪ੍ਰੀਤਮ ਸਿੰਘ
ਪ੍ਰਧਾਨ
ਕੇਂਦਰੀ ਪੰਜਾਬੀ ਲੇਖਕ ਸਭਾ


ਮੈਂ ਪ੍ਰੋਫੈਸਰ ਮੋਹਨ ਸਿੰਘ ਪਾਸੋਂ ਪੜ੍ਹਿਆ ਨਹੀਂ, ਪਰ ਜਿਨ੍ਹਾਂ ਦਿਨਾਂ ਵਿਚ ਉਹ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਪੜ੍ਹਾਉਂਦੇ ਹੁੰਦੇ ਸਨ ਮੈਂ ਓਥੇ ਪੜ੍ਹਦਾ ਹੁੰਦਾ ਸਾਂ। ਮੇਰਾ ਪਹਿਲਾ ਮੇਲ ਉਨ੍ਹਾਂ ਨਾਲ ਇਸੇ ਕਾਲਜ ਵਿਚ ਹੋਇਆ ਸੀ। ਫੇਰ, ਜਦੋਂ ਮੈਂ ਸਿੱਖ ਨੈਸ਼ਨਲ ਕਾਲਜ, ਲਾਹੌਰ ਵਿਚ (ਜਿੱਥੇ ਕਿ ਉਹ ਮੇਰੇ ਤੋਂ ਪਹਿਲਾਂ ਫ਼ਾਰਸੀ ਤੇ ਪੰਜਾਬੀ ਦੇ ਅਧਿਆਪਕ ਵਜੋਂ ਕੰਮ ਕਰ ਚੁੱਕੇ ਸਨ) ਫ਼ਾਰਸੀ ਤੇ ਪੰਜਾਬੀ ਦਾ ਅਧਿਆਪਕ ਬਣ ਗਿਆ, ਤਾਂ ਮੈਂ ਉਨ੍ਹਾਂ ਪਾਸ ਕਈ ਵਾਰੀ ਆਪਣੀਆਂ ਮੁਸ਼ਕਲਾਂ ਹੱਲ ਕਰਾਉਣ ਲਈ ਜਾਂਦਾ ਰਿਹਾ। ਇਸ ਨਾਤੇ ਮੈਂ ਉਨ੍ਹਾਂ ਨੂੰ ਸਦਾ ਆਪਣੇ ਉਸਤਾਦ ਵਾਂਗ ਹੀ ਸਤਿਕਾਰ ਦੇਂਦਾ ਰਿਹਾ।

... ... ...

ਮੈਂ ਫ਼ਾਰਸੀ ਤੇ ਅੰਗ੍ਰੇਜ਼ੀ ਦਾ ਵਿਦਿਆਰਥੀ ਸਾਂ ਪੰਜਾਬੀ ਦਾ ਸ਼ੌਕ ਖ਼ਾਨਦਾਨੀ ਸੀ, ਪਰ ਜਦੋਂ ਪ੍ਰੋਫੈਸਰ ਮੋਹਨ ਸਿੰਘ ਨੇ 'ਪੰਜ ਦਰਿਆ' ਕੱਢਣ ਦੇ ਵਿਚਾਰ-ਅਧੀਨ ਨੌਕਰੀ ਛੱਡਣ ਦਾ ਮਨ ਬਣਾਇਆ ਤਾਂ ਪਹਿਲੇ ਅੰਕ ਲਈ ਉਨ੍ਹਾਂ ਨੇ ਇਕ ਅੰਗ੍ਰੇਜ਼ ਸਵਾਣੀ ਦੀ ਕਿਤਾਬ ਦਾ ਇਕ ਕਾਂਡ ਮੈਨੂੰ ਤਰਜਮਾਉਣ ਲਈ ਦਿੱਤਾ। ਮੇਰਾ ਤਰਜਮਾ ਉਨ੍ਹਾਂ ਨੇ ਪਸੰਦ ਕੀਤਾ ਤੇ ਪੰਜ ਦਰਿਆ ਦੇ ਪਹਿਲੇ ਪਰਚੇ ਵਿਚ ਜਿਉਂ ਦਾ ਤਿਉਂ ਛਾਪ ਦਿੱਤਾ ਤਾਂ ਮੈਨੂੰ ਪੰਜਾਬੀ ਲਿਖਣ ਲਈ ਬੜੀ ਪ੍ਰੇਰਣਾ ਤੇ ਹਲਾਸ਼ੇਰੀ ਮਿਲੀ।

ਮਗਰੋਂ ਲਾਹੌਰ ਵਿਚ ਉਨ੍ਹਾਂ ਕੋਲ ਮੇਰੀ ਆਵਾਜਾਈ ਬਹੁਤ ਵਧ ਗਈ ਤੇ ਉਨ੍ਹਾਂ ਨਾਲ ਪੰਜਾਬੀ ਜ਼ਬਾਨ 'ਤੇ ਉਸ ਦੇ ਸਾਹਿੱਤ ਬਾਰੇ ਚਰਚਾ ਦੇ ਖੁੱਲ੍ਹੇ ਮੌਕੇ ਮਿਲੇ। ਓਦੋਂ ਤੋਂ ਮੈਂ ਉਨ੍ਹਾਂ ਨੂੰ ਆਪਣਾ ਸਾਹਿੱਤਿਕ ਸਿੱਖਿਆ-ਦਾਤਾ ਮੰਨਦਾ ਆਇਆ ਹਾਂ।

... ... ...

ਖ਼ਾਲਸਾ ਕਾਲਜ ਦੇ ਸਮੇਂ ਤੋਂ ਹੀ ਮੋਹਨ ਸਿੰਘ ਹੁਰੀਂ ਮੇਰੇ ਨਾਲ ਕਿਸੇ ਵਡੇਰੇ ਦੀ ਤਰ੍ਹਾਂ ਨਹੀਂ, ਬਲਕਿ ਬਰਾਬਰ ਹੋ ਕੇ ਵਰਤਦੇ ਰਹੇ। ਲਾਹੌਰ ਵਿਚ ਅਸੀਂ ਇਕ ਦੂਜੇ ਦੇ ਹੋਰ ਵੀ ਨੇੜੇ ਹੋ ਗਏ। ਜਦੋਂ ਉਹ ਜਾਲੰਧਰ ਰਹਿੰਦੇ ਸਨ, ਓਦੋਂ ਕੇਂਦਰੀ ਪੰਜਾਬੀ ਲੇਖਕ ਸਭਾ, ਜਲੰਧਰ, ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਤੇ ਭਾਰਤੀ ਸਾਹਿਤ ਅਕਾਡਮੀ, ਦਿੱਲੀ ਦੀਆਂ ਬੈਠਕਾਂ ਵਿਚ ਅਤੇ ਅਨੇਕਾਂ ਪੰਜਾਬੀ ਕਾਨਫ਼ਰੰਸਾਂ ਵਿਚ ਇੱਕਠਿਆਂ ਕੰਮ ਕਰਨ ਨੇ ਸਾਡੇ ਸੰਬੰਧ ਬੜੇ ਨਿੱਘੇ ਬਣਾ ਦਿੱਤੇ। ਉਹ ਤੇ ਉਨ੍ਹਾਂ ਦੀ ਸੁਪਤਨੀ, ਨੂੰ, ਮੇਰੇ ਵਿਆਹ ਤੋਂ ਪਹਿਲਾਂ ਤੋਂ ਜਾਣਦੇ ਸਨ। ਮੇਰੀ ਉਨ੍ਹਾਂ ਦੇ ਘਰ ਦੇ ਸਾਰੇ ਜੀਆਂ ਨਾਲ ਚੰਗੀ ਵਾਕਫ਼ੀ ਸੀ। ਇਸ ਤਰ੍ਹਾਂ, ਹੌਲੀ ਹੌਲੀ, ਅਸੀਂ ਇਕ ਦੂਜੇ ਦੇ ਨੇੜੇ ਤੋਂ ਹੋਰ ਨੇੜੇ ਹੁੰਦੇ ਗਏ। ਅਨੇਕ ਵਾਰੀ ਉਨ੍ਹਾਂ ਨੇ ਮੇਰੇ ਸਾਹਮਣੇ ਆਪਣੇ ਨਿਜ ਦੇ ਉਨ੍ਹਾਂ ਪੱਖਾਂ ਨੂੰ ਬੇਪਰਦਾ ਕੀਤਾ, ਜਿਨ੍ਹਾਂ ਬਾਰੇ ਸ਼ਾਇਦ ਉਨ੍ਹਾਂ ਦੇ ਘਰ ਦੇ ਜੀ ਵੀ ਹਨੇਰੇ ਵਿਚ ਹਨ। ਓਦੋਂ ਤੋਂ ਮੈਂ ਉਨ੍ਹਾਂ ਨੂੰ ਆਪਣਾ ਜਿਗਰੀ ਦੋਸਤ ਮੰਨਦਾ ਆਇਆ ਹਾਂ।

... ... ...

ਮੋਹਨ ਸਿੰਘ ਹੁਰਾਂ ਜਦੋਂ ਕਵਿਤਾ ਕਹਿਣੀ ਲਿਖਣੀ ਜਾਂ ਲੇਖ ਤਿਆਰ ਕਰਨਾ ਤਾਂ ਮੈਨੂੰ ਵੀ ਸੁਣਾਉਣਾ। ਜਿਵੇਂ ਹੋਰ ਹਜ਼ਾਰਾਂ ਪਾਠਕ ਤੇ ਸਰੋਤੇ ਉਨ੍ਹਾਂ ਦੀ ਜ਼ਬਾਨ ਦੀ ਤੇ ਰੂਪ ਦੀ ਪਕਿਆਈ, ਲਿਰਿਕ ਸਮਰੱਥਾ ਤੇ ਸਾਮਰਾਜ-ਵਿਰੋਧੀ ਵਤੀਰੇ ਦੇ ਸ਼ੈਦਾਈ ਸਨ, ਉਵੇਂ ਹੀ ਮੈਂ ਵੀ ਸਾਂ। ਉਨ੍ਹਾਂ ਦੀ ਮ੍ਰਿਤੂ ਉੱਤੇ ਲੋਕਾਂ ਦੇ ਸ਼ੋਕ-ਪ੍ਰਤਿਕਰਮ ਤੋਂ ਪਤਾ ਲੱਗਾ ਹੈ ਕਿ ਕਿਸੇ ਨੂੰ ਸਵਰਗਵਾਸੀ ਪ੍ਰੋਫੈਸਰ ਸਾਹਿਬ ਉਸਤਾਦ, ਕਿਸੇ ਨੂੰ ਸਾਹਿੱਤ-ਪ੍ਰੇਰਕ, ਕਿਸੇ ਨੂੰ ਦੋਸਤ ਤੇ ਕਿਸੇ ਨੂੰ ਸਦਾ-ਬਹਾਰ ਕਵੀ ਦੀ ਸੂਰਤ ਵਿਚ ਨਜ਼ਰ ਆਏ ਹਨ। ਪਰ ਮੇਰੇ ਲਈ ਉਹ ਇਹ ਸਭ ਕੁੱਝ ਸਨ ਤੇ ਕੁੱਝ ਵੱਧ ਵੀ।

... ... ...

ਮੈਨੂੰ ਯਕੀਨ ਹੈ ਕਿ ਮੋਹਨ ਸਿੰਘ ਗੁਜ਼ਰ ਜਾਣ ਦੇ ਬਾਵਜੂਦ, ਵੀ ਅਮਰ ਹੈ। ●




Namdhari Elibrary NamdhariElibrary@gmail.com

# ਯੁਗ ! ਜੋ ਅੱਧਾ ਬੀਤ ਗਿਆ

—ਸੁਰਿੰਦਰ ਰਾਮਪੁਰੀ

ਖਬਰ ਵੇਖਣ ਸਾਰ ਮੈਂ ਅਵਾਕ ਰਹਿ ਗਿਆ। ਅੱਖਾਂ ਦੀ ਦੱਸੀ ਖਬਰ ਤੇ ਦਿਲ ਨੂੰ ਯਕੀਨ ਨਹੀਂ ਸੀ ਆ ਰਿਹਾ—ਕਾਸ਼ ਜੇ ਇਹ ਸੱਚ ਨਾ ਹੋਵੇ ! ਪਰ ਇਹ ਸੱਚ ਸੀ—ਅਜੇ ਤਾਂ ਦਾਰ ਜੀ ਦੀ ਜੁਦਾਈ ਦਾ ਸੱਲ ਹੀ ਜਰ ਨਹੀਂ ਸੀ ਹੋਇਆ ਕਿ ਮੌਤ ਨੇ ਪੰਜਾਬੀ ਸਾਹਿੱਤ ਦਾ ਇਕ ਹੋਰ ਸਿਤਾਰਾ ਹੜੱਪ ਲਿਆ—ਦਿਨ ਅਥਰੂਆਂ ਨਾਲ ਗੱਚ ਹੋ ਗਿਆ।

ਅੱਧੀ ਸਦੀ ਤੋਂ ਵੱਧ ਸਮਾਂ ਪੰਜਾਬੀ ਸਾਹਿਤ ਦੀ ਸੇਵਾ ਕਰ ਰਹੇ ਪ੍ਰੋ: ਮੋਹਨ ਸਿੰਘ ਅਚਾਨਕ ਹੀ ਇੰਜ ਸਦੀਵੀ ਵਿਛੋੜਾ ਦੇ ਜਾਣਗੇ—ਕਿਸੇ ਨੂੰ ਚਿਤ-ਚੇਤੇ ਵੀ ਨਹੀਂ ਸੀ।

ਪੰਜਾਬੀ ਸਾਹਿਤ ਦੇ ਇਸ ਅਣਥੱਕ ਪਾਂਧੀ ਦੀ ਕਲਮ 1921-22 ਤੋਂ 1978 ਤੱਕ ਨਿਰੰਤਰ ਚਲਦੀ ਰਹੀ। ਇਨ੍ਹਾਂ ਵਰ੍ਹਿਆਂ ਵਿਚ ਉਸਦੀ ਕਲਮ ਨੇ ਨਿਰੀ ਇਸ਼ਕ ਤੋਂ ਲੋਕ-ਸੰਘਰਸ਼ ਤਕ ਦਾ ਬੜਾ ਲੰਮਾ ਪੈਂਡਾ ਤੈਅ ਕੀਤਾ ਹੈ।

ਪ੍ਰੰਕੁਨਾਲੀ ਇਸ਼ਕ ਵਾਲੀ ਤੜਪ ਬਦਲੀ ਵੇਗ ਵਿਚ
ਹੌਲੀ ਹੌਲੀ ਬਣ ਗਿਆ ਮਿੱਤਰਾਂ ਦਾ ਗ਼ਮ ਲੋਕਾਂ ਦਾ ਗ਼ਮ

ਜ਼ਿੰਦਗੀ ਦੀ ਸੁੰਦਰਤਾ ਦਾ ਇਹ ਆਸ਼ਕ ਜਦੋਂ ਦੁਨੀਆਂ ਦੇ ਬੇਹਤਰੀਨ ਮੀਨਾਰ ਅਤੇ ਬੰਗਲੇ ਬਣਾਉਣ ਵਾਲੇ ਬੇਬਸ ਮਜ਼ਦੂਰਾਂ ਦੀ ਦੁਰਦਸ਼ਾ ਦੇਖਦਾ ਤਾਂ ਉਸ ਦੇ ਦਿਲ 'ਚੋਂ ਹੂਕ ਨਿਕਲ ਜਾਂਦੀ :

ਕੀ ਉਹ ਹੁਸਨ ਹੁਸਨ ਹੈ ਸੱਚ-ਮੁੱਚ
ਯਾ ਉਂਜੇ ਹੀ ਛਲਦਾ
ਲੱਖ ਗਰੀਬਾਂ ਮਜ਼ਦੂਰਾਂ ਦੇ
ਹੰਝੂਆਂ ਤੇ ਜੋ ਪਲਦਾ।

ਮਨੁੱਖ ਦੇ ਜੀਵਨ ਵਿਚ ਇਕ ਸਮਾਂ ਅਜਿਹਾ ਵੀ ਆਉਂਦਾ ਹੈ ਜਦੋਂ ਉਹ ਨਿਰਾਸਤਾ ਦੇ ਸਮੁੰਦਰ ਵਿਚ ਹਿਚਕੋਲੇ ਖਾਂਦਾ ਆਪਣੀ ਕਾਰ ਕੁਚਾਰੀ ਦਾ ਲੇਖਾ ਜੋਖਾ ਕਰਦਾ ਹੈ। ਜ਼ਿੰਦਗੀ ਦਾ ਆਸ਼ਕ ਪ੍ਰੋ: ਮੋਹਨ ਸਿੰਘ ਅੱਧੀ ਸਦੀ ਤੋਂ ਵੱਧ ਸਮਾਂ ਜ਼ਿੰਦਗੀ ਨਾਲ ਸੰਘਰਸ਼ ਕਰਨ ਉਪਰੰਤ ਵੀ, ਪਿਛਾਂਹ ਨੂੰ ਨੇੜੇ ਦੇ ਪਹਾੜ ਵਲ ਝਾਕਦਾ ਇਸ ਸਚਾਈ ਤੋਂ ਮੁਨਕਰ ਨਹੀਂ ਹੁੰਦਾ ਭਾਵੇਂ ਕਿ :

ਅਸਾਂ ਵੀ ਪਾੜਛੇ ਲਾਹੇ
ਨੇ ਉਚੇ ਪਰਬਤ ਦੇ
ਜੇ ਮਾੜੇ ਤੇਸੇ ਦਾ ਘੰਡ
ਮੁੜ ਗਿਆ ਤਾਂ ਕੀ ਹੋਇਆ।
ਅਸਾਂ ਵੀ ਦੋਸਤੋ ਕੁਝ ਤਾਂ ਮੁਕਾਈਆਂ ਬੂੰਦਾਂ
ਕੀ ਹੋਇਆ ਜ਼ਹਿਰ ਜੇ ਸਾਰਾ ਨਾ ਸਾਥੋਂ ਪੀ ਹੋਇਆ।

ਨਿਰਾਸਤਾ ਅਤੇ ਬੇਬਸੀ ਜਿਹੀ ਦੀ ਹਾਲਤ ਵਿਚ ਉਸ ਦੇ ਮੂੰਹੋਂ ਨਿਕਲ ਜਾਂਦਾ :—

ਜ਼ਿੰਦੜੀ ਹੈ ਮੰਗਦੀ
ਸਾਗਰ ਦੀ ਹੁਣ ਗੰਭੀਰਤਾ
ਤਹਿ ਦਾ ਅਣ-ਵੰਡਿਆ ਟਿਕਾਉ।

ਪਰ ਆਪਣੀ ਆਖਰੀ ਕਵਿਤਾ 'ਸਾਵਧਾਨ' ਵਿਚ ਉਹ ਫਿਰ ਤਰੋ-ਤਾਜ਼ਾ ਨਜ਼ਰ ਆਉਂਦਾ ਹੈ —ਜਿਵੇਂ ਲੰਮੇ ਸਫਰ ਦਾ ਰਾਹੀ ਰਤਾ ਕੁ ਦਮ ਮਾਰ ਫਿਰ ਨਵਾਂ ਨਰੋਇਆ ਹੋ ਗਿਆ ਹੋਵੇ।

ਉਹ ਆਖਦਾ ਹੁੰਦਾ ਸੀ :

ਮੈਨੂੰ ਦੁਨੀਆਂ ਜਾਪੇ ਤੰਗ ਤੰਗ

ਤੇ ਸੱਚ ਮੁੱਚ ਹੀ 1978 ਦੇ ਮਜ਼ਦੂਰ ਦਿਵਸ ਤੋਂ ਤੀਏ ਦਿਨ, ਉਹ ਸਾਨੂੰ ਸਦੀਵੀ ਵਿਛੋੜਾ ਦੇ ਗਿਆ।

ਰਥ ਕਦੀ ਨਾ ਅਟਕਿਆ ਇਤਿਹਾਸ ਦਾ
ਇਕ ਪਹੀਆ ਨਾਸ ਦਾ ਇਕ ਆਸ ਦਾ।

ਜਾਂਦੇ ਜਾਂਦੇ ਪ੍ਰੋ: ਮੋਹਨ ਸਿੰਘ ਪੰਜਾਬੀ ਸਾਹਿਤ ਦੇ ਪ੍ਰੇਮੀਆਂ ਨੂੰ ਮਿੱਠਾ ਜਿਹਾ ਲਾਰਾ ਲਾ ਗਏ।

ਜੁਗ ਪਲਟ ਕੇ ਫਿਰ ਕਦੀ ਆਵਾਂਗਾ ਮੈਂ

ਪਰ ਇਹ ਤਾਂ ਅਸੀਂ ਸਾਰੇ ਹੀ ਜਾਣਦੇ ਹਾਂ ਕਿ :

ਜ਼ਿੰਦਗੀ ਦੋ ਪਲ ਹੀ ਹੁੰਦੀ
ਬਾਕੀ ਇਸ ਦੀ ਯਾਦ ਹੀ।

ਤੇ ਪ੍ਰੋ: ਮੋਹਨ ਸਿੰਘ ਦੀ ਯਾਦ ਪੰਜਾਬੀ ਪਿਆਰਿਆਂ ਦੇ ਦਿਲਾਂ ਵਿਚ ਹਮੇਸ਼ਾਂ ਸਮੋਈ ਰਹੇਗੀ।

ਸੱਚ ਤਾਂ ਇਹ ਹੈ ਕਿ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਅੰਮ੍ਰਿਤਾ...ਮੋਹਨ ਸਿੰਘ ਇਕ ਯੁੱਗ ਸੀ ਤੇ ਅੱਜ ਅੱਧਾ ਯੁੱਗ ਬੀਤ ਗਿਆ। ●



Namdhari Elibrary NamdhariElibrary@gmail.com

# ਇੱਕ ਯਾਦ

—ਓਮ ਪ੍ਰਕਾਸ਼ ਗਾਸੋ

ਗੱਲਾਂ ਕਰਦਿਆਂ ਨੂੰ ਮੌਤ ਦਾ ਖ਼ੂਨੀ ਪੰਜਾ ਇੰਜ ਆ ਕੇ ਭੀ ਦੱਬ ਸਕਦਾ ਹੈ, ਸੁਪਨੇ 'ਚ ਭੀ ਨਹੀਂ ਸੋਚਿਆ ਸੀ। ਮੈਂ, ਸੁਰੰਦਰ ਸਿੰਘ ਨਰੂਲਾ ਤੇ ਪ੍ਰੋ: ਮੋਹਨ ਸਿੰਘ ਹੋਰਾਂ ਇਕ ਪਲ, ਇਕ ਘੜੀ ਇੰਜ ਖ਼ਤਮ ਹੋ ਜਾਣਾ ਸੀ, ਜਦੋਂ ਅੱਜ ਸੋਚਦਾ ਹਾਂ ਉਹ ਛੋਟਾ ਜਿਹਾ ਸਮੁੱਚਾ ਸਫ਼ਰ ਅੱਖਾਂ ਅੱਗੇ ਆ ਜਾਂਦਾ ਹੈ। ਮੈਨੂੰ ਭਲੀ ਭਾਂਤ ਚੇਤੇ ਹਨ ਅੱਜ ਤੋਂ ਅੱਠ ਨੌ ਵਰ੍ਹੇ ਪਹਿਲਾਂ ਦੇ ਦਿਹਾੜੇ ਜਦੋਂ ਮੈਂ ਇਕ ਅਧਿਆਪਕ ਯੂਨੀਅਨ ਦਾ ਸਾਧਾਰਣ ਤੇ ਛੋਟਾ ਜਿਹਾ ਆਗੂ ਸਾਂ, ਮੇਰੇ ਵਾਰੰਟ ਸਨ, ਪੁਲਸ ਤੋਂ ਛੁਪਦਾ, ਫੀਲਡ ਵਿਚ ਐਜੀਟੇਸ਼ਨ ਲਈ ਮੋਟਰ ਸਾਈਕਲ ਤੇ ਭੰਬੀਰੀ ਵਾਂਗ ਘੁੰਮਦਾ ਫਿਰਦਾ ਹੁੰਦਾ ਸਾਂ ਤਦ ਮੈਂ ਆਪਣੇ ਸਾਥੀ ਨੂੰ ਆਖਿਆ ਕਰਦਾ ਸਾਂ, ਯਾਰਾਂ ਕੋਠੇ ਤੋਂ ਡਿਗ ਕੇ, ਸੱਪ ਲੜਕੇ, ਦੁਰਘਟਨਾ 'ਚ ਮਰ ਕੇ ਸੁਆਦ ਨਹੀਂ ਆਉਂਦਾ, ਤੂੰ ਹੌਲੀ ਮੋਟਰ ਸਾਈਕਲ ਚਲਾਇਆ ਕਰ। ਪਰ ਅਸੀਂ ਉਸ ਦਿਹਾੜੇ ਪ੍ਰੋ: ਮੋਹਨ ਸਿੰਘ ਹੋਰਾਂ ਸਮੇਤ ਮੁਕ ਚਲੇ ਸਾਂ। ਅਜੇ ਸਾਲ ਵੀ ਨਹੀਂ ਬੀਤਿਆ, ਉਸ ਸਮੇਂ ਨੂੰ ਜਦੋਂ ਆਹ ਦੁਰਘਟਨਾ, ਜਿਸਦਾ ਜ਼ਿਕਰ ਅੱਜ ਪ੍ਰੋ: ਮੋਹਨ ਸਿੰਘ ਹੋਰਾਂ ਦੇ ਚਲਾਣਾ ਕਰਨ ਤੇ ਕਰ ਰਿਹਾ ਹਾਂ।

ਪਰੈਸ ਚੋਂ ਪੁਸਤਕ ਛਪਵਾਕੇ ਲਿਆਉਣੀ ਵੀ ਇਕ ਵਿਸ਼ੇਸ਼ ਤਪਸਿਆ ਹੈ। ਬਹੁਤੇਰੇ ਚੱਕਰ ਲਾ ਚੁਕਾ ਸਾਂ। ਇਹ ਮੇਰਾ ਮੇਰੇ ਹਿੰਦੀ ਨਾਵਲ ਲਈ ਅੰਤਿਮ ਚੱਕਰ ਸੀ। ਨਾਵਲ ਦੇ ਛਪ ਚੁਕਣ ਦਾ ਕਾਰਡ ਦੋਹਰਾ ਚੌਹਰਾ ਮੇਰੀ ਜੇਬ 'ਚ ਮੇਰੇ ਉਸ ਪੈਨ ਨਾਲ ਹੀ ਪਿਆ ਸੀ ਜਿਸ ਨਾਲ ਮੈਂ ਉਹ ਨਾਵਲ ਲਿਖਿਆ ਸੀ। ਮੁੜਦਿਆਂ ਛਪਿਆ ਮੇਰਾ ਨਾਵਲ ਮੇਰੇ ਨਾਲ ਸੀ ਪਰ ਉਹ ਪੈਨ ਉਥੇ ਗੁਆਚ ਗਿਆ ਜਿਥੇ ਸਾਡੀ ਬੱਸ ਉਲਟੀ ਸੀ।

ਲੁਧਿਆਣੇ ਦੇ ਅੱਡੇ ਤੋਂ ਜਲੰਧਰ ਨੂੰ ਜਾ ਰਹੀ ਬੱਸ 'ਚ ਭਮੱਤਰਿਆਂ ਜਿਹਾ ਮੈਂ ਇਕ ਸੀਟ ਤੇ ਬੈਠਾ ਹੀ ਸੀ ਕਿ ਪਹਿਲਾਂ ਹੀ ਸਜੀਆਂ ਦੋ ਸਾਹਿਤਕ ਸ਼ਖਸੀਅਤਾਂ ਪ੍ਰੋ: ਮੋਹਨ ਸਿੰਘ ਤੇ ਪ੍ਰੋ: ਸਰੇਂਦਰ ਸਿੰਘ ਨਰੂਲਾ ਜੀ ਦੋਹਾਂ ਨਾਲ ਅੱਖਾਂ ਚਾਰ ਹੋਈਆਂ। ਦੋ ਚਹੁੰ ਮਿੰਟਾਂ ਦੀ ਸੰਖੇਪ ਜਿਹੀ ਮੁਢਲੀ ਗਲਬਾਤ ਮਗਰੋਂ ਪ੍ਰੋ: ਮੋਹਨ ਸਿੰਘ ਹੋਰੀ ਤਾਂ ਮੇਰੇ ਨਾਵਲ "ਮਿੱਟੀ ਦੇ ਮੁੱਲ" 'ਚ ਖੋ ਗਏ। ਮੈਂ ਤੇ ਨਰੂਲਾ ਹੋਰਾਂ ਨੇ ਉਸ ਦਿਨ ਦੇ (ਸੰਡੇ ਅਜੀਤ) 'ਚ ਛਪੇ ਮੇਜਰ ਨਰਿੰਦਰ ਪਾਲ ਸਿੰਘ ਦੇ (ਬਾ ਮੁਲਾਹਜ਼ਾ) ਨਾਵਲ ਤੇ ਕ੍ਰਿਆ, ਪ੍ਰਤੀ-ਕ੍ਰਿਆ ਦੇ ਸਾਹਿਤਕ ਸੰਦਰਭ ਨੂੰ ਛੋਹ ਲਿਆ। ਪ੍ਰੋ: ਨਰੂਲਾ ਹੋਰਾਂ ਦੁਆਰਾ ਦਿਤੀ ਜਾ ਰਹੀ ਜਾਣਕਾਰੀ ਮੇਰੇ ਲਈ ਵਧੇਰੇ ਸੁਆਦਲੀ ਸੀ। ਮੈਂ ਉਸ 'ਚ ਖੁਭਦਾ ਗਿਆ ਤੇ ਭਰਵਾਂ ਹੁੰਗਾਰਾ ਵੀ ਦੇਂਦਾ ਰਿਹਾ, ਹੁਣ ਚੇਤੇ ਨਹੀਂ ਇਹ ਵਾਰਤਾ ਕਿਥੇ ਕੁ ਪੁੱਜੀ ਸੀ, ਜਦੋਂ ਕਿ ਮੈਂ ਵੇਖਦਾ ਹਾਂ ਮੇਰੀਆਂ ਇਕ ਦਮ ਬੰਦ ਹੋਈਆਂ ਅੱਖਾਂ ਖੁਲਦੀਆਂ ਹਨ, ਉਲਟੀ ਹੋਈ ਬੱਸ ਦੀ ਛੱਤ ਟੁੱਟ ਚੁਕੀ ਹੈ, ਇੰਜਨ ਚੋਂ ਧੂੰਆਂ ਨਿਕਲ ਰਿਹਾ ਸੀ। ਬੱਸ ਦੇ ਸ਼ੀਸ਼ੇ ਟੁਟ ਚੁੱਕੇ ਸਨ। ਉਥੇ ਹੁਣ ਦਰਵਾਜ਼ਾ ਜਿਹਾ ਸੀ ਤੇ ਬੇਸੁੱਧ ਜਿਹਾ, ਇੰਜ ਜਿਵੇਂ ਕਿਸੇ ਨੇ ਮੇਰੇ ਸਿਰ ਚ ਹਥੌੜਿਆ ਨਾਲ ਕਈ ਵਾਰ ਕੀਤੇ ਹੋਣ ਤੇ ਚੀਕਾਂ, ਰੌਲੀ ਬੂ ਦੁਹਾਈ ਚ ਡਿਗੀ ਬਸ ਚ ਤਿੱਗਿਆ ਮੌਤ ਨੂੰ ਉਡੀਕ ਰਿਹਾ ਹੋਵਾਂ। ਮੌਤ ਦੀ ਇਸ ਉਡੀਕ ਚ ਨਰੂਲਾ ਤੇ ਮੋਹਨ ਸਿੰਘ ਨੂੰ ਭੁਲਿਆ ਟੇਡਾ ਜਿਹਾ ਹੁੰਦਾ ਟੁੱਟੇ ਸ਼ੀਸ਼ੇ ਦੇ ਰਾਹ ਰਾਹੀਂ ਬਾਹਰ ਆ ਕੇ ਖੜਦਾ ਹਾਂ ਤੇ ਕਿਥੇ ਹਨ ਮੇਰੇ ਉਹ ਸਾਥੀ ਸੋਚਦਾ ਹਾਂ, ਏਨੇ ਨੂੰ ਬੱਸ ਦੀ ਟੁੱਟੀ ਛੱਤ ਦੀ ਇਕ ਨੁੱਕਰ ਤੇ ਖੜਾ ਪ੍ਰੋ: ਨਰੂਲਾ ਹਾਕਾਂ ਮਾਰਦਾ ਹੈ, "ਗਾਸੋ ਮੋਹਨ ਸਿੰਘ ਮਰ ਗਿਆ"। ਘਬਰਾਏ ਹੋਸ਼ ਹਵਾਸ਼ਾਂ ਨਾਲ, ਨਰੂਲਾ ਸਾਹਿਬ ਨੂੰ ਆਪਣੇ ਮੋਢੇ ਦਾ ਸਹਾਰਾ ਦੇ ਕੇ ਹੇਠਾਂ ਉਤਾਰਦਾ, ਟੁੱਟੀ ਛੱਤ ਵਿਚਕਾਰ ਦੀ ਹੁੰਦਾ, ਡਿੱਗੀ ਬੱਸ ਵਿਚ ਮੋਹਨ ਸਿੰਘ ਤਕ ਉਪੜਦਾ ਹਾਂ, ਇਕ ਮੋਟੀ ਜਿਹੀ ਸਵਾਰੀ



Namdhari Elibrary NamdhariElibrary@gmail.com

ਦਾ ਹੱਥ ਉਹਨਾਂ ਦੀ ਗਰਦਨ ਤੇ ਆ ਗਿਆ ਸੀ । ਪ੍ਰੋ: ਨਰੂਲਾ ਨੇ ਮੋਹਨ ਸਿੰਘ ਹੋਰਾਂ ਨੂੰ ਮੇਰੀ ਗਰਦਨ, ਮੇਰੀ ਗਰਦਨ ਕੂਕਦਿਆਂ ਸੁਣਿਆ ਸੀ, ਤੇ ਇਸ ਕਾਰਨ ਹੀ ਉਹ ਓਹਨਾਂ ਨੂੰ ਮਰ ਗਿਆ ਸਮਝ ਬੈਠੇ ਸਨ।......ਹੌਲੀ-ਹੌਲੀ ਬੱਸ 'ਚ ਮੈਂ ਮੋਹਨ ਸਿੰਘ ਨੂੰ ਬਾਹਰ ਲਿਆਂਦਾ । ਉਹਨਾਂ ਦੀਆਂ ਐਨਕਾਂ ਲੱਭੀਆਂ, ਪੱਗਾਂ ਜੋ ਉਕੇ ਲੱਥ ਗਈਆਂ ਸਨ ਚੁੱਕੀਆਂ, ਨਿਕੇ ਮੋਟੇ ਜ਼ਖਮ ਸਨ, ਬਜ਼ੁਰਗ ਸਾਹਿੱਤਕਾਰ ਸਾਥੀਆਂ ਨੂੰ ਮੈਂ ਆਪਣੇ ਮੋਢਿਆਂ ਦਾ ਸਹਾਰਾ ਦੇ ਕੇ ਖਤਾਨਾਂ 'ਚੋਂ ਉਪਰੋਂ ਪੱਧਰੇ ਸੜਕ ਤੇ ਲਿਆ ਰਿਹਾ ਸਾਂ। ਪ੍ਰੋ: ਮੋਹਨ ਸਿੰਘ ਹੋਰੀਂ ਪਾਣੀ ਮੰਗ ਰਹੇ ਸਨ ਮੈਂ ਉਹਨਾਂ ਨੂੰ ਕਿਸੇ ਸਾਫ ਥਾਂ ਤੇ ਲਿਟਾ ਕੇ ਪਾਣੀ ਲਿਆਉਣਾ ਚਾਹੁੰਦਾ ਹਾਂ। ਡਿਗੀ, ਟੁੱਟੀ ਬੱਸ 'ਚ ਕੋਈ ਮਰ ਨਾ ਰਿਹਾ ਹੋਵੇ, ਉਸ ਦੀ ਮੱਦਦ ਲਈ ਜਾਣਾ ਚਾਹੁੰਦਾ ਹਾਂ, ਬੱਸ ਅੰਦਰ ਜਾਂਦਾ ਹਾਂ, ਡਰਦਾ ਹਾਂ, ਦੋ ਕੁ ਤ੍ਰੀਮਤਾਂ ਨੂੰ ਰਾਹ ਦਸਦਾ ਹਾਂ, ਹੁਣ ਮੈਂ ਅੰਦਰ ਇਕਲਾ ਹਾਂ। ਸਾਹ ਸਭ ਕੁਝ ਕਾਇਮ ਸੀ, ਕੁੜੀਆਂ ਦਾ ਛੋਟਾ ਮੋਟਾ ਸਮਾਨ ਫੜਾਉਂਦਾ, ਬਾਹਰ ਆਕੇ ਦੁਰਘਟਨਾ ਪਿਛੋਂ ਖੜੀਆਂ; ਦੁਹਜਨਾ ਬਸਾਂ 'ਚੋਂ ਇਕ ਬੱਸ 'ਚ ਪ੍ਰੋ: ਮੋਹਨ ਸਿੰਘ ਤੇ ਨਰੂਲਾ ਸਾਹਿਬ ਨੂੰ ਕੱਚ ਦੇ ਭਾਂਡਿਆਂ ਵਾਂਗ ਹੌਲੀ ਹੌਲੀ ਸਾਂਭਦਾ, ਬਠਾਉਂਦਾ ਪੰਜ ਦਸ ਮਿੰਟਾਂ 'ਚ ਜਲੰਧਰ ਬੱਸ ਅੱਡੇ ਤੇ ਪਾਣੀ ਪਿਆ ਰਿਹਾ ਸੀ ।

ਜੋ ਕਰਨਾ ਮੁਨਾਸਿਬ ਸੀ ਕੀਤਾ ਤੇ ਅੱਜ ਉਸ ਮੌਤ ਚੋ ਆਏ ਵਾਵਰੋਲੇ ਦੀ ਯਾਦ ਪ੍ਰੋ: ਮੋਹਨ ਸਿੰਘ ਹੋਰਾਂ ਦੀ ਮੌਤ ਸਮੇਂ ਵਰਦਾਨ ਜਾਪਦੀ ਭੀ ਸਰਾਪ ਬਣ ਗਈ ਲਗਦੀ ਹੈ। ਮੌਤ ਦੇ ਉਸ ਵਾ ਵਰੋਲੇ ਮਗਰੋਂ ਮੋਹਨ ਸਿੰਘ ਹੋਰਾਂ ਨੂੰ ਮੈਂ ਕਈ ਵਾਰ ਮਿਲਿਆ ਸਾਂ । ਨਿੱਘੀ ਜਿਹੀ ਉਨ੍ਹਾਂ ਦੀ ਹੋਂਦ ਮੈਨੂੰ ਸਾਊ ਮੁਸਕਾਨ ਦੀ ਸੁਗੰਧ ਤੇ ਖਬਬੋ ਬਖਸ਼ਦੀ ਸੀ। ਅੱਜ ਪੰਜਾਬੀ ਕਵਿਤਾ ਦਾ ਇਹ ਧਰੁਵ ਤਾਰਾ ਟੁਟ ਗਿਆ। ਮੈਂ ਮਹਿਸੂਸ ਕਰਦਾ ਹਾਂ ਪ੍ਰਤਿਭਾ ਦਾ ਵਿਛੋੜਾ ਇਕ ਮਹਾਨ ਵਿਗੋਚਾ ਹੁੰਦਾ ਹੈ। ਮੌਤ ਦੀ ਮਾਤਮੀ ਸੱਫ ਸਮਾਜਿਕ ਤੇ ਸਾਹਿਤਕ ਵਿਹੜੇ ਵਿੱਚ ਵਿੱਛ ਜਾਂਦੀ ਹੈ। ਇਸ ਮਾਤਮੀ ਸਫ਼ ਤੇ ਬੈਠਿਆਂ ਹੀ ਮੈਨੂੰ ਉਸ ਹਾਦਸੇ ਦੀ ਯਾਦ ਆ ਗਈ ਜੋ ਤੁਹਾਡੇ ਨਾਲ ਸਾਂਝੀ ਕੀਤੀ ਹੈ ।

ਮੋਹਨ ਸਿੰਘ ਦੀ ਯਾਦ 'ਚ

# ਸ਼ਬਦਾਂ ਦੀ ਸਿਤਾਰ

—ਜਸਵੰਤ ਸਿੰਘ ਰਾਹੀ

ਤੂੰ ਵਾਰਸ ਸੈਂ ਕਲਮ ਰਾਣੀ ਦਾ,
ਬਹੁਲ ਵਡਾ ਪ੍ਰਵਾਰ ।

ਕਵਿਤਾ ਦੀਆਂ ਫੌਜਾਂ ਵਿਚ ਤੇਰੀ,
ਕਵਿਤਾ ਸੀ ਸਰਦਾਰ ।

ਉਚਾ ਪਰਬਤ, ਡੂੰਘਾ ਸਾਗਰ,
ਤੇਰੀ ਸੋਚ ਵਿਚਾਰ ।

ਕੱਲ ਮਿਲਿਉਂ ਅੱਜ ਵਿਛੜ ਕੇ ਤੂੰ,
ਗਿਆ ਹੈਂ ਸੱਚੇ ਦਵਾਰ ।

'ਬਸੰਤ' ਮਿਲੀ ਹੋਏ ਸੀ ਜਿਥੇ,
ਲੰਮੀਆਂ ਬਾਹਾਂ ਪਸਾਰ ।

ਤੇਰੇ ਜੀਉਂਦੇ ਸ਼ਬਦਾਂ ਦੇ ਵਿਚ,
ਵੱਜਦੀ ਰਹੇ ਸਿਤਾਰ ।

ਮੋਹਨ ਨਾ ਜੰਮਦੇ ਧਰਤੀ ਉਤੇ,
ਸੋਹਣਿਆਂ ਬਾਰਮ ਬਾਰ ।

ਤੇਰੀਆਂ ਪੁਸਤਕਾਂ ਹਰ ਦਮ ਮਿਲਣਾ,
ਤੂੰ ਨਹੀਂ ਮਿਲਣਾ ਯਾਰ ।

'ਮਾਝੀ' ਦੇ ਮੂੰਹ ਮੇਵੇ ਪਾਏ,
ਤੇਰੇ ਹੀ ਪੰਠੋਹਾਰ ।

ਗੁਰੂ ਨਾਨਕ ਦਾ ਅਮਲੀ ਬੰਦਾ,
ਮਿਹਨਤ ਦਾ ਇਕਰਾਰ ।

ਗੁਲਦੱਸਤੇ ਚਿਹਰੇ ਤੇਰੀ ਦੀ,
ਲੈ ਗਈ ਅੱਜ ਬਹਾਰ ।

ਸਾਹਿਤ ਵਿਚ ਜੋ ਵਾਹੀ ਤੂੰ ਸਜਣਾ,
ਕਿਸੇ ਨਹੀਂ ਟੱਪਣੀ ਕਾਰ ।



Namdhari Elibrary NamdhariElibrary@gmail.com

# ਸਿਖੀ

—ਪ੍ਰੋ: ਮੋਹਨ ਸਿੰਘ

ਉਹ ਕਿਹੜਾ ਬੂਟਾ ਏ ?
ਹਰ ਥਾਂ ਜੋ ਪਲਦਾ ਏ—
ਆਰੇ ਦੇ ਦੰਦਿਆਂ ਤੇ,
ਰੰਬੀ ਦੀਆਂ ਧਾਰਾਂ ਤੇ,
ਖੈਬਰ ਦਿਆਂ ਦੱਰਿਆਂ ਵਿਚ,
ਸਰਸਾ ਦੀਆਂ ਲਹਿਰਾਂ ਤੇ,
ਸਤਲੁਜ ਦੇ ਕੰਢੇ ਤੇ,
ਲੱਖੀ ਦੇ ਜੰਗਲ ਵਿਚ,
ਰੋੜਾਂ ਵਿਚ ਰਕੜਾਂ ਵਿਚ,
ਬੰਜਰਾਂ ਵਿਚ ਝਖੜਾਂ ਵਿਚ,
ਗੜਿਆਂ ਵਿਚ ਮੀਂਹਾਂ ਵਿਚ,
ਸਰਹੰਦ ਦੀਆਂ ਨੀਂਹਾਂ ਵਿਚ,
ਜਿਥੇ ਵੀ ਲਾ ਦੇਈਏ ।
ਉਥੇ ਹੀ ਪਲਦਾ ਏ,
ਜਿਤਨਾ ਵੀ ਛਾਂਗ ਦੇਈਏ,
ਉਤਨਾ ਇਹ ਫਲਦਾ ਏ ।
ਉਹ ਕਿਹੜਾ ਬੂਟਾ ਏ ?
ਭੁਖਿਆਂ ਤ੍ਰਿਹਾਇਆਂ ਨੂੰ,
ਜੋ ਫਲ ਖਵਾਂਦਾ ਏ,
ਥਕਿਆਂ ਤੇ ਟੁਟਿਆਂ ਨੂੰ,
ਛਾਂ ਵਿਚ ਸਵਾਂਦਾ ਏ ।
ਜਿਹੜਾ ਵੀ ਸ਼ਰਨ ਲਵੇ,
ਉਸ ਤਾਈਂ ਬਚਾਂਦਾ ਏ ।
ਜੇ ਝੱਖੜ ਆ ਜਾਵੇ,
ਜੇ ਨੇਰ੍ਹੀ ਆ ਜਾਵੇ,
ਅਬਦਾਲੀ ਆ ਜਾਵੇ,
ਕੋਈ ਨਾਦਰ ਆ ਜਾਵੇ,
ਮਾਸੂਮ ਗਟਾਰਾਂ ਨੂੰ,
ਬੇਦੋਸ਼ੀਆਂ ਚਿੜੀਆਂ ਨੂੰ,
ਬੇਦੋਸੀਆਂ ਘੁਗੀਆਂ ਨੂੰ,
ਕੂੰਜਾਂ ਦੀਆਂ ਡਾਰਾਂ ਨੂੰ,
ਇਹ ਫੁਰਤ ਛਪਾ ਲੈਂਦਾ,
ਤੇ ਰਾਖਾ ਬਣ ਬਹਿੰਦਾ ।

ਪੈਰ ਇਸ ਦੇ ਧਰਤੀ ਤੇ,
ਪਰ ਆਪ ਉਚੇਰਾ ਏ ।
ਜੇਲ੍ਹਾਂ ਦੀਆਂ ਕੋਠੜੀਆਂ,
ਜ਼ੰਜੀਰਾਂ ਹੱਥਕੜੀਆਂ,
ਇਹ ਰੱਸੇ ਫਾਂਸੀ ਦੇ,
ਤੇ ਤੜੀਆਂ ਰਾਜ ਦੀਆਂ,
ਜਾਗੀਰਾਂ ਦੇ ਚਕਮੇ,
ਸਰਦਾਰੀ ਦੇ ਤਕਮੇ,
ਦੁਨੀਆਂ ਦੀਆਂ ਤੰਗ-ਦਿਲੀਆਂ,
ਤੇੜਾਂ ਤੇ ਪਾਰਟੀਆਂ,
ਗੁਮਰਾਹੀਆਂ, ਰੰਗ ਰਲੀਆਂ,
ਤੇ ਕੁੜੀਆਂ ਢੰਗ ਦੀਆਂ,
ਇਹਦੇ ਗੋਡੀਓਂ ਥੱਲੇ ਨੇ,
ਇਹਦੇ ਗਿਟਿਓਂ ਥੱਲੇ ਨੇ,
ਇਹਦੇ ਪੈਰੋਂ ਥੱਲੇ ਨੇ,
ਜਿਥੇ ਦਿਲ ਇਸ ਦਾ ਏ,
ਜਿਥੇ ਸਿਰ ਇਸ ਦਾ ਏ,
ਉਹ ਥਾਂ ਉਚੇਰੀ ਏ,
ਉਹ ਖੁਲ੍ਹੀ ਹਵਾ ਵਿਚ ਏ,
ਉਹ ਪਾਕ ਫਜ਼ਾ ਵਿਚ ਏ,
ਉਹ ਖਾਸ ਖੁਦਾ ਵਿਚ ਏ,
ਜਿਥੇ ਨਾ ਵੈਰ ਕੋਈ ।
ਜਿਥੇ ਨਾਂ ਗੈਰ ਕੋਈ ।
ਕੀ ਹੋਇਆ ਜੇ ?
ਅਜ ਸ਼ਾਖਾਂ ਏਸ ਦੀਆਂ,
ਅਜ ਲਗਰਾਂ ਏਸ ਦੀਆਂ,
ਆਪੋ ਵਿਚ ਪਾਟ ਗਈਆਂ
ਆਪੋ ਵਿਚ ਤਿੜਕ ਗਈਆਂ,
ਕੋਈ ਪੂਰਬ ਚਲੀ ਗਈ,
ਕੋਈ ਪੱਛਮ ਚਲੀ ਗਈ,
ਕੋਈ ਪਿੰਡੀ ਮਲ ਬੈਠੀ,
ਕੋਈ ਡੈਣੀ ਜਾ ਬੈਠੀ,
ਪਰ ਮੁਢ ਤਾਂ ਇਕੋ ਏ,
ਪਰ ਖੂਨ ਤਾਂ ਸਾਂਝਾ ਏ,



Namdhari Elibrary NamdhariElibrary@gmail.com

# ਪੰਜ ਰੁਬਾਈਆਂ

ਪ੍ਰੋ: ਮੋਹਨ ਸਿੰਘ

## ਕਵਿਤਾ

ਆਪਣੀ ਜ਼ਾਤ ਵਿਖਾਉਣ ਬਦਲੇ ਰੱਬ ਨੇ ਹੁਸਨ ਬਣਾਇਆ ।
ਵੇਖ ਹੁਸਨ ਦੇ ਤਿੱਖੇ ਜਲਵੇ, ਜ਼ੋਰ ਇਸ਼ਕ ਨੇ ਪਾਇਆ ।
ਫੁਰਿਆ ਜਦੋਂ ਇਸ਼ਕ ਦਾ ਜਾਦੂ, ਦਿਲ ਵਿਚ ਕੁੱਦੀ ਮਸਤੀ ।
ਇਹ ਮਸਤੀ ਜਦ ਬੋਲ ਉੱਠੀ, ਤਾਂ ਹੜ੍ਹ ਕਵਿਤਾ ਦਾ ਆਇਆ ।

## ਮਾਂ

ਮਾਂ ਵਰਗਾ ਘਣ-ਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ,
ਲੈ ਕੇ ਜਿਸ ਤੋਂ ਛਾਂ ਉਧਾਰੀ, ਰਬ ਨੇ ਸੁਰਗ ਬਣਾਏ ।
ਬਾਕੀ ਕੁਲ ਦੁਨੀਆਂ ਦੇ ਬੂਟੇ, ਜੜ ਸੁਕਿਆਂ ਮੁਰਜਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁਕ ਜਾਏ ।

## ਹੀਰ

ਮਾਂ ਸਮਝਾਵੇ ਮੁੜ ਜਾ ਹੀਰੇ, ਕਲਾਂ ਜਗਾ ਨਾ ਸੁੱਤੀਆਂ ।
ਨਹੀਂ ਤਾਂ ਪੁੱਠੀ ਖੱਲ ਲੁਹਾ ਕੇ, ਤੇਰਾ ਮਾਸ ਖਲਾਵਾਂ ਕੁੱਤੀਆਂ ।
ਨਾਲ ਖੁਸ਼ੀ ਦੇ ਹੱਸ ਕੇ ਅਗੋਂ, ਹੀਰ ਕਿਹਾ ਸੁਣ ਮਾਏ—
ਖਲੜੀ ਲਾਹਸੇਂ ਤਾਂ ਕੀ ਹੋਸੀ, ? ਮੇਰਾ ਚਾਕ ਸੁਵਾਸੀ ਜੁੱਤੀਆਂ ।

## ਦਿਲ

ਲੱਕੜੀ ਟੁਟਿਆਂ ਕਿੜ ਕਿੜ ਹੋਵੇ, ਸ਼ੀਸ਼ਾ ਟੁਟਿਆਂ ਤੜ ਤੜ ।
ਲੋਹਾ ਟੁਟਿਆਂ ਕੜ ਕੜ ਹੋਵੇ, ਪੱਥਰ ਟੁਟਿਆਂ ਖੜ ਖੜ ।
ਲੱਖ ਸ਼ਾਬਾ ਆਸ਼ਕ ਦੇ ਦਿਲ ਨੂੰ, ਸ਼ਾਲਾ ਰਹੇ ਸਲਾਮਤ,
ਜਿਸ ਦੇ ਟੁਟਿਆਂ ਵਾਜ ਨਾ ਨਿਕਲੇ, ਨਾ ਕਿੜ ਕਿੜ ਨਾ ਕੜ ਕੜ ।

## ਵਫ਼ਾ

ਵਿਚ ਸੁਖਾਂ ਦੇ ਸਾਰੀ ਦੁਨੀਆਂ, ਨੇੜੇ ਢੁਕ ਢੁਕ ਬਹਿੰਦੀ ।
ਪਰਖੇ ਜਾਣ ਸਜਣ ਉਸ ਵੇਲੇ, ਜਦ ਬਾਜ਼ੀ ਪੁੱਠੀ ਪੈਂਦੀ ।
ਵਿਚ ਥਲਾਂ ਦੇ ਜਿਸ ਦਮ ਸੱਸੀ, ਬੈਠ ਖੁਰੇ ਤੇ ਰੋਂਦੀ ।
ਨਸ ਗਿਆ ਕਜਲਾ ਰੁੜ੍ਹ ਪੁੜ੍ਹ ਜਾਣਾ, ਹੱਥ ਨ ਛਡਿਆ ਮਹਿੰਦੀ ।



Namdhari Elibrary NamdhariElibrary@gmail.com

# ਮੈਂ ਨਹੀਂ ਰਹਿਣਾ ਤੇਰੇ ਗਿਰਾਂ

—ਪ੍ਰੋ: ਮੋਹਨ ਸਿੰਘ—

ਛਡ ਦੇ ਚੂੜੇ ਵਾਲੀ ਕੁੜੀਏ !
ਛਡ ਦੇ, ਸੋਨੇ-ਲੱਦੀਏ ਪਰੀਏ !
ਛਡ ਦੇ, ਛਡ ਦੇ ਮੇਰੀ ਬਾਂਹ,
ਮੈਂ ਨਹੀਂ ਰਹਿਣਾ ਤੇਰੇ ਗਿਰਾਂ।
ਵੇਖ ਲਿਆ ਨੀ ਤੇਰਾ ਗਿਰਾਂ।
ਪਰਖ ਲਿਆ ਨੀ ਤੇਰਾ ਗਿਰਾਂ,
ਜਿਥੇ ਵੀਰ ਵੀਰਾਂ ਨੂੰ ਖਾਂਦੇ,
ਸਿਰੋਂ ਮਾਰ ਧੁੱਪੇ ਸੁਟ ਜਾਂਦੇ,
ਜਿੱਥੇ ਲੱਖਾਂ ਮਣਾਂ ਦਾ ਲੋਹਿਆ,
ਜ਼ੰਜੀਰਾਂ ਹੱਥਕੜੀਆਂ ਹੋਇਆ,
ਜਿੱਥੇ ਕੈਦ-ਖਾਨਿਆਂ ਜੇਹਲਾਂ,
ਮੀਲਾਂ ਤੀਕ ਵਲਗਣਾਂ ਵਲੀਆਂ,
ਜਿਥੇ ਮਹਜ਼ਬ ਦੇ ਨਾਂ ਥੱਲੇ,
ਦਰਿਆ ਕਈ ਖੂਨ ਦੇ ਚੱਲੇ.
ਜਿੱਥੇ ਵਤਨ-ਪ੍ਰਸਤੀ ਤਾਈਂ,
ਜੁਰਮ ਸਮਝਦੀ ਪੱਕੇ ਸ਼ਾਹੀ,
ਜਿਥੇ ਸ਼ਾਇਰ ਬੋਲ ਨਾ ਸੱਕਣ,
ਦਿਲ ਦੀਆਂ ਘੁੰਡੀਆਂ ਖੋਲ੍ਹ ਨਾ ਸੱਕਣ,
ਮੈਂ ਨਹੀਂ ਰਹਿਣਾ ਐਸੀ ਥਾਂ :
ਛਡ ਦੇ, ਚੂੜੇ ਵਾਲੀਏ ਕੁੜੀਏ !
ਛਡ ਦੇ, ਸੋਨੇ-ਲੱਦੀ ਪਰੀਏ !
ਛਡ ਦੇ, ਛਡ ਦੇ ਮੇਰੀ ਬਾਂਹ,
ਮੈਂ ਨਹੀਂ ਰਹਿਣਾ ਤੇਰੇ ਗਿਰਾਂ।
ਕੀ ਨਾ ਡਿਠਾ ਤਿਰੇ ਗਿਰਾਂ ?
ਕੀ ਨਾ ਸੁਣਿਆ ਤਿਰੇ ਗਿਰਾਂ ?
ਸਭ ਕੁਝ ਡਿੱਠਾ ਤਿਰੇ ਗਿਰਾਂ,
ਸਭ ਕੁਝ ਸੁਣਿਆਂ ਤਿਰੇ ਗਿਰਾਂ।
ਡੰਗਰਾਂ ਵਾਂਗੂੰ ਬੰਦੇ ਰੱਬ ਦੇ,
ਬੱਘੀਆਂ ਅੱਗੇ ਵੇਖੇ ਵਗਦੇ।
ਖੋਪਰੀਆਂ ਦੇ ਬੜ੍ਹੇ ਚਿਣੀਂਦੇ,
ਉਤੇ ਲੋਕ ਨਮਾਜ਼ ਪੜ੍ਹੀਂਦੇ।
ਲੱਖਾਂ ਨਫ਼ਰ ਜਾਗਦੇ ਜੀਂਦੇ,
ਬਾਦਸ਼ਾਹਾਂ ਦੇ ਸੰਗ ਦਫ਼ਨੀਂਦੇ।
'ਈਸਾ' ਵਰਗੇ ਸੂਲੀ ਚੜ੍ਹਦੇ,
'ਹਸਨ' 'ਹੁਸੈਨ' ਪਿਆਸੇ ਮਰਦੇ,
'ਨਾਨਕ' ਵਰਗੇ ਚੱਕੀਆਂ ਪੀਂਹਦੇ,
'ਰਾਮ' ਜਿਹੇ ਬਨਬਾਸੀ ਥੀਂਦੇ;
ਹੋਰ ਨਾ ਹੁਣ ਮੈਂ ਵੇਖ ਸਕਾਂ :
ਛਡ ਦੇ, ਚੂੜੇ ਵਾਲੀਏ ਕੁੜੀਏ !
ਛਡ ਦੇ, ਸੋਨੇ-ਲੱਦੀਏ ਪਰੀਏ !
ਛਡ ਦੇ ਛਡ ਦੇ ਮੇਰੀ ਬਾਂਹ,
ਮੈਂ ਨਹੀ ਰਹਿਣਾ ਤੇਰੇ ਗਿਰਾਂ।



Namdhari Elibrary NamdhariElibrary@gmail.com

# ਸਹਿਯੋਗ

ਵਰਿਆਮ ਦੇ ਸਾਲਾਨਾ ਗਾਹਕ ਬਨਾਉਣ ਵਿਚ ਹੋਰਨਾਂ ਸਜਨਾਂ ਤੋਂ ਇਲਾਵਾ ਸਤਿਕਾਰ ਯੋਗ ਪੰਡਤ ਗੋਪਾਲ ਸਿੰਘ ਜੀ ਨੇ ਨਿਘਰ ਸਹਿਯੋਗ ਦੇਣ ਲਈ ਵਰਿਆਮ ਦੇ ਸਾਲਾਨਾ ਮੈਂਬਰ ਬਨਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਹਨ। ਮਧ ਪ੍ਰਦੇਸ਼ ਅਤੇ ਦਿਲੀ ਵਿਚ ਆਪਣੇ ਦੀਵਾਨਾਂ ਸਮੇਂ ਉਹਨਾਂ ਅਨੇਕਾਂ ਨਵੇ ਗਾਹਕ ਬਣਾਏ। ਇਹਨਾਂ ਦਿਵਾਨਾਂ ਸਮੇਂ ਹੀ ਹੇਠ ਲਿਖੇ ਅਨੁਸਾਰ ਮਾਇਕ ਸਹਿਯੋਗ ਧੰਨਵਾਦ ਸਹਿਤ ਵਰਿਆਮ ਨੂੰ ਪ੍ਰਾਪਤ ਹੋਇਆ।

| | |
|---|---|
| ਸ: ਜੁਗਿੰਦਰ ਸਿੰਘ ਜੀ ਆਫ ਜੇਸਨ ਇਲੈਕਟ੍ਰਿਕ ਵਰਕਸ ਦੇ ਘਰ ਹਰੀ ਨਗਰ ਨਵੀਂ ਦਿਲੀ ਵਿਖੇ ਦੀਵਾਨ ਸਮੇਂ | 21/- ਰੁਪੈ |
| ਸ: ਕੁੰਦਨ ਸਿੰਘ ਜੀ ਰਮੇਸ਼ ਨਗਰ ਨਵੀ ਦਿਲੀ ਵਲੋਂ ਪੰਡਤ ਜੀ ਦੇ ਦੀਵਾਨ ਸਮੇਂ | 10/- ਰੁਪੈ |
| ਸੰਤ ਪ੍ਰੀਤਮ ਸਿੰਘ ਜੀ ਰੁੜਕਾ ਖੁਰਦ (ਜਲੰਧਰ) ਆਪਣੇ ਸਪੁਤਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 11/- ਰੁਪ |

# ਕੇਂਦਰੀ ਪੰਜਾਬੀ ਲੇਖਕ ਸਭਾ

ਜਲੰਧਰ 20 ਮਈ ਪੰਜਾਬ ਦੇ ਸਰਕਾਰੀ ਅਤੇ ਨੀਮ ਸਰਕਾਰੀ ਅਦਾਰਿਆਂ ਵਿਚ ਪੰਜਾਬੀ ਪਰਚਲਣ ਦੀ ਸਮਸਿਆ ਬਾਰੇ ਕੇਂਦਰੀ ਪੰਜਾਬੀ ਲੇਖਕ ਸਭਾ ਜੁਲਾਈ ਵਿਚ ਪਟਿਆਲਾ ਵਿਖੇ ਕਨਵੈਨਸ਼ਨ ਕਰੇਗੀ। ਇਹ ਫੈਸਲਾ ਸਭਾ ਦੀ ਅਜੀਤ ਭਵਨ ਵਿਚ ਪ੍ਰੋ. ਪ੍ਰੀਤਮ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਅਗਜ਼ੈਕਟਿਵ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ। ਸਭਾ ਨੇ ਮੀਟਿੰਗ ਦੇ ਅ:ਰੰਭ ਵਿਚ ਇਕ ਮਤੇ ਰਾਹੀਂ ਪ੍ਰੋ: ਮੋਹਨ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਸਾਰੀਆਂ ਸਬੰਧਤ ਸਭਾਵਾਂ ਨੂੰ ਪ੍ਰੋ: ਸਾਹਿਬ ਦੀ ਸਾਹਿਤਕ ਦੇਣ ਬਾਰੇ ਗੋਸ਼ਟੀਆਂ ਅਤੇ ਸੰਪੋਜ਼ੀਅਮ ਕਰਨ ਲਈ ਕਿਹਾ ਗਿਆ। ਕੇਂਦਰੀ ਸਭਾ ਲੇਖਕ ਸਭਾ, ਜਲੰਧਰ ਦੇ ਸਹਿਯੋਗ ਨਾਲ ਸਤੰਬਰ ਵਿਚ ਜਲੰਧਰ ਵਿਖੇ ਇਕ ਸਮਾਗਮ ਤੇ ਕਵੀ ਦਰਬਾਰ ਕਰੇਗੀ। ਇਸ ਤੋਂ, ਇਲਾਵਾ ਦਸੰਬਰ ਵਿਚ ਜੰਮੂ-ਕਸ਼ਮੀਰ ਦੇ ਪੰਜਾਬੀ ਦੇ ਡੋਗਰੀ ਲੇਖਕਾਂ ਨਾਲ ਅਮ੍ਰਿਤਸਰ ਵਿਖੇ ਸਾਂਝੀ ਇਕਤ੍ਰਤਾਂ ਸਦਣ ਦਾ ਵੀ ਨਿਰਣਾ ਲਿਆ ਗਿਆ ਜਿਸ ਵਿਚ ਲੇਖਕ ਆਪਣੀਆਂ ਰਚਨਾਵਾਂ ਸੁਨਾਣ ਗੇ। ਸਭਾ ਸਾਹਿਤ ਵਿਚ ਅਸ਼ਲੀਲਤਾਂ ਬਾਰੇ ਇਕ ਤਿੰਨ ਦਿਨਾਂ ਗੋਸ਼ਟੀ ਵੀ ਕਰੇਗੀ।



Namdhari Elibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office : 269656
: 275938
Resi. : 213054

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬.

**Manufacturers & Suppliers of :**

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS;

WOODEN & STEEL FURNITURE

PLEASE CONTACT

# NAMDHARI AGENCIES

**2/2068 CHAH ANDARA,**

**(Behind Jubilee Cinema)**

**CHANDNI CHOWK, DLHI-110006**



Namdhari Elibrary NamdhariElibrary@gmail.com

Approved By Department of :

AGRICULTURE PUNJAB GOVERNMENT

High Class Manufacturers of :



- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED



DEPARTMENT OF AGRICULTURE PUNJAB GOVT.
QUALITY
MARK

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ
ਬਨਾਉਣ ਵਾਲੇ ।

TRADE **JASPAL** MARK

Grams : HABI INDUSTRIES

Phone : 2737

# *HABI INDUSTRIES (Regd.)*

**10 Industrial Area**

**PHAGWARA—144401 (Pb.)**





Namdhari Elibrary NamdhariElibrary@gmail.com